# ਵਤਨੋ ਦੂਰ

**WATNO DUR**
**Jan./Feb. 1980**
**P.O. Box 67681 Stn. 'O'**
**Vancouver, B.C. V5W 3V2**

ਜਨਵਰੀ / ਫਰਵਰੀ 1980



# autoplan 1980

**For Your 1980 Insurance Renewal Visit Your Friendly and Experienced Year Around Service Agent.**

# *Kingsgate Insurance Agencies*

**ਦੇ ਦਫਤਰਾਂ ਵਿਚ ਦ੍ਰਸ਼ਨ ਦਿਓ ਅਤੇ 1980 ਲਈ ਕਾਰਾਂ ਆਦਿ ਦੀ ਇਨਸ਼ੋਰੈਂਸ ਖਰੀਦੋ**

- ਤੁਹਾਡੀ ਸਹੂਲਤ ਲਈ ਤਜਰਬੇਕਾਰ ਸਟਾਫ
- ਦੋਸਤਾਨਾ ਵਰਤਾਓ
- ਤੁਹਾਡੀ ਆਪਣੀ ਬੋਲੀ
- ਸਾਲ ਭਰ ਲਈ ਵਧੀਆ ਤੇ ਤੁਰੰਤ ਸੇਵਾਵਾਂ
- ਕਿਸ਼ਤਾਂ ਰਾਹੀਂ ਇਨਸ਼ੋਰੈਂਸ ਦੇ ਪੈਸੇ ਦੇਣ ਦੀ ਸਹੂਲਤ

**SEE US NOW AND AVOID THE LAST MINUTE RUSH**

## ਪੰਜਾਬੀ ਲੋਕਾਂ ਦੀ ਸਹੂਲਤ ਲਈ ਵੈਨਕੂਵਰ ਵਿਚ ਕਾਰਾਂ ਆਦਿ ਦੀ ਇਨਸ਼ੋਰੈਂਸ ਦੇ ਦਫਤਰ

**ਆਖਰੀ ਸਮੇਂ ਦੀ ਭੀੜ ਤੋਂ ਬਚਣ ਲਈ ਅੱਜ ਹੀ ਫੂਨ ਕਰੋ**

YOUR Independent Insurance AGENT "SERVES YOU FIRST"



**FAZAL R. KHAN**
*(MANAGER)*
104 KINGSGATE MALL
**370 E. BROADWAY**
VANCOUVER, B.C.

**Office Hours:**
Mon. to Sat.
10 a.m. to 9 p.m.

**PH: 872-7827**




ਐਤਵਾਰ ਨੂੰ ਸ਼ਾਪਿੰਗ ਕਰਦੇ ਸਮੇਂ ਤੁਹਾਡੀ ਸਹੂਲਤ ਲਈ ਦਫਤਰ ਖੁਲ੍ਹਾ ਰਹੇਗਾ



**DALJIT S. SIDHU**
*(MANAGER)*
**6679 MAIN ST.,**
(AT 51ST. AVE.)
VANCOUVER, B.C.

**Office Hours:**
Mon. to Sun.
10 a.m. to 9 p.m.

**PH: 324-2311**

LITERARY & CULTURAL
MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

**VOL. 8 No. 78 Jan/Feb, 1980**

2nd Class Mail Reg. No. 3233
ANNUAL SUBSCRIPTION: Canada-U.S.A. $8.00
Other Countries SEA $8.00
Other Countries AIR $9.00

**EDITOR:**
Sadhu, 437-9014

**ADVERTISING EDITOR:**
Karamjit Ghuman, 321-6081

**CIRCULATION EDITORS:**
Amarjit Chahal, 892-3085
Sarwan Boal, 437-0849

**MANAGING EDITOR:**
Paul Binning, 879-3339

**ADVISER:**
Ajmer Rodey, 438-7793

**WATNO DUR REPRESENTATIVES:**
Surinder Dhanjal, 252-6008 (Windsor)
Raghbir Mand, 325-9564
Iqbal Ramuwalia, Vancouver
Gurcharan Tallewalia, Richmond (271-4742)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423

Surinder Kailay
P.O. Box Ramgarh
Distt. Ludkiana — 141113
Punjab, India

Jasbir Bath
19 Summertrees Ave. L4920D
Greasby Merseyside
Liverpool, England

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

## ਇਸ ਅੰਕ ਵਿਚ:-

**ਕਹਾਣੀ:-**
ਇਕਬਾਲ ਅਰਪਨ, ਮਹਿੰਦਰ ਮੱਲ੍ਹੀ
ਰਵਿੰਦਰ ਸਿੰਘ ਸਿੱਧੂ

**ਲੇਖ:-**
ਰਵਿੰਦਰ ਰਵੀ, ਗੁਰਬਖਸ਼ ਸੰਘ
ਉੱਜਲ ਦੁਸਾਂਝ

**ਕਵਿਤਾ:-**
ਕੁਲਦੀਪ ਚੌਹਾਨ, ਸੁਰਜੀਤ ਕਲਸੀ
ਸੁਖਦੇਵ ਚੀਮਾ, ਸਤੀਸ਼ ਕਾਂਗੜ

**ਪੁਸਤਕ ਚਰਚਾ:-**
ਅਜਮੇਰ ਰੋਡੇ, ਅਮਰਜੀਤ ਚਾਹਲ

**ਰੀਪੋਰਟ:-**
ਅਮਰਜੀਤ ਚਾਹਲ, ਪਾਲ ਬਿੰਨਿੰਗ

ਮੁੱਖ ਚਿੱਤਰ:- ਸੁਰਿੰਦਰ ਧੰਜਲ

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

# ਐਡੀਟੋਰੀਅਲ

ਜਦ ਵੀ ਆਰਥਿਕ ਔਕੜਾਂ ਦੇਸ਼ ਤੇ ਭਾਰੂ ਹੋਈਆਂ ਹਨ ਤਾਂ ਕੁਦਰਤੀ ਤੌਰ ਔਖੇ ਸਮੇਂ ਵਿਚ ਲੋਕਾਂ ਦਾ ਆਪਣਾ ਗੁੱਸਾ ਸਰਕਾਰ, ਤੇ ਇਸ ਆਰਥਿਕ ਢਾਂਚੇ ਵਿਰੁੱਧ ਵੱਧਣਾ ਹੁੰਦਾ ਹੈ। ਪਰ ਇਸ ਗੁੱਸੇ ਨੂੰ ਕੈਨੇਡੀਅਨ ਸਰਕਾਰ ਆਪਣੇ ਮੋਢੇ ਤੋਂ ਲਾਹ ਕੇ ਨਵੇਂ ਇੰਮੀਗਰੈਂਟਾਂ ਦੇ ਮੋਢੇ ਧਰ ਦਿੰਦੀ ਹੈ। ਇਹ ਕੰਮ ਇੰਨੀ ਸਫਾਈ ਨਾਲ ਹੁੰਦਾ ਹੈ ਕਿ ਬਹੁ-ਗਿਣਤੀ ਲੋਕ ਹਰ ਵਾਰ ਧੋਖਾ ਖਾ ਜਾਂਦੇ ਹਨ। ਲੋਕਾਂ ਦੇ ਧੋਖੇ ਵਿਚ ਆਉਣ ਦਾ ਇਕ ਕਾਰਨ ਇਹ ਹੁੰਦਾ ਹੈ ਕਿ ਇਹ ਕੰਮ ਬਹੁਤੀ ਵਾਰੀ ਗੈਰ-ਸਰਕਾਰੀ ਲੋਕ ਹੀ ਕਰਦੇ ਹਨ। ਸਰਕਾਰ ਦੇ ਇਸ ਕੰਮ ਨੂੰ ਕਰਨ ਲਈ ਤਾਂ ਫਾਸ਼ਿਸਟ ਦਲਾਂ ਲੋਕ ਖੁਦ ਨੂੰ 'ਦੇਸ਼ ਭਗਤ' ਕਹਿ ਕੇ ਆਪਣੀਆਂ ਸੇਵਾਵਾਂ ਹਾਜ਼ਰ ਕਰਦੇ ਹਨ। ਤੇ ਗ ਫਾਸ਼ਿਸਟ ਜੋ ਪਹਿਲਾਂ ਵੈਨਕੂਵਰ ਤੋਂ ਨਿਕਲਦੇ ਅਖ਼ਬਾਰ 'ਵੈਨਕੂਵਰ ਸਨ' ਵਿਚ ਲਿਖਦਾ ਸੀ, ਹੁਣ ਵਿਕਟੋਰੀਆ ਬੀ. ਸੀ. ਤੋਂ ਨਿਕਲਦੇ 'ਕਲੋਨਿਸਟ' ਅਖ਼ਬਾਰ ਵਿਚ ਲਿਖਦਾ ਹੈ, ਉਹ ਇਕ ਪੱਤਰਕਾਰ ਕਿਸਮ ਦਾ ਨਸਲਵਾਦੀ ਪੱਤਰਕਾਰ ਹੈ। ਨਵੇਂ ਇੰਮੀਗਰੈਂਟਾਂ ਤੇ ਘੱਟ ਗਿਣਤੀ ਕੌਮਾਂ ਦੇ ਲੋਕਾਂ ਵਿਰੁੱਧ ਨਫਰਤ ਫੈਲਾਉਣ ਨੂੰ ਉਹ ਦੇਸ਼ ਭਗਤੀ ਸਮਝਦਾ ਹੈ।

ਜਦੋਂ ਇਥੇ ਸਸਤੀ ਮਜ਼ਦੂਰੀ ਦੀ ਲੋੜ ਹੁੰਦੀ ਹੈ ਤਾਂ ਬਾਹਰੋਂ ਧੜਾ ਧੜ ਮਜ਼ਦੂਰ ਮੰਗਵਾਏ ਜਾਂਦੇ ਹਨ, ਉਦੋਂ ਤਾਂ ਫਾਸ਼ਿਸਟ ਦਲਾਂ 'ਦੇਸ਼ ਭਗਤ' ਕੁੱਤਿਆਂ ਕਿੱਲੀਆਂ ਤੇ 'ਟੀ-ਪਾਰਟੀਆਂ' ਖਾਕੇ ਸੌਂ ਗਏ ਹਨ। ਪਰ ਜਦੋਂ ਇਹਨਾਂ ਨੂੰ ਮਹਿਸੂਸ ਆ ਜਾਂਦੀ ਹੈ ਕਿ ਹੁਣ ਲੋਕ ਕੰਮ ਘੱਟ ਮਿਲਣ ਕਰਕੇ ਤੇ ਇਹਨਾਂ ਨਾਲ ਵਧੀਆਂ ਆਰਥਿਕ ਔਕੜਾਂ ਕਰਕੇ ਤੰਗ ਹਨ ਤੇ ਸਾਰੀ ਹਰ ਸਰਕਾਰ ਨੂੰ ਕੋਸ ਰਹੇ ਸੁਣਦੇ ਤਾਂ ਫੇਰ ਇਹ ਹਰ ਕਿਸਮ ਦਾ ਨਸਲੀ ਜ਼ਹਿਰ ਫੈਲਾਣਾ ਸ਼ੁਰੂ ਕਰ ਦਿੰਦੇ ਹਨ। ਮਸਲਾ ਭਾਵੇਂ ਪੱਗ ਦਾ ਗਾਤੇ 'ਗੋਰਾ-ਫੈਟ' ਦਾ ਹੋਏ ਜਾਂ ਏਸ਼ੀਅਨ ਇੰਮੀਗਰੈਂਟਾਂ ਦਾ, ਤਾਂ ਫਾਸ਼ਿਸਟ ਦੀ ਕਿਸਮ ਦੇ ਤਾਂ ਹਰ ਗੱਲ ਵਿਚ ਨਸਲੀ ਜ਼ਹਿਰ ਉਗਲਣਾ ਹੈ। ਇਹੋ ਜਿਹੇ ਬੰਦਿਆਂ ਦਾ ਸਾਨੂੰ ਹਰ ਤਰ੍ਹਾਂ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਸਾਨੂੰ ਸਭ ਨੂੰ ਆਪੋ ਆਪਣੇ ਕਿਸੀ ਦਲੀਲਿਆਂ ਦੇ ਆਧਾਰ ਤੇ - ਅਖ਼ਬਾਰਾਂ ਨੂੰ ਖੱਤ ਲਿਖ ਕੇ ਫੋਨ ਰਾਹੀਂ ਜਾਂ ਇਹ ਨਸਲਵਾਦ ਵਿਰੁੱਧ ਲੜ ਰਹੀਆਂ ਜਥੇਬੰਦੀਆਂ ਰਾਹੀਂ ਜਾਂ ਕਿਸੇ ਵੀ ਹੋਰ ਢੰਗ ਦਲਾਂ ਦਾ ਸਹਾਰੇ ਰੋਕ, ਦਲ ਦੇ ਇਹੋ ਜਿਹੇ ਬੰਦਿਆਂ ਦਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹਨਾਂ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਸਾਨੂੰ ਆਪਣੀ ਸੂਝ ਤੇ ਹਿੰਮਤ ਤੇ ਭਰੋਸਾ ਰੱਖਣਾ ਚਾਹੀਦਾ ਹੈ। ਅਤੇ ਕੈਨੇਡੀਅਨ ਸਮਾਜ ਨੂੰ ਚੰਗਾ ਬਣਾਉਣ ਲਈ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ।

- ਸਾਧੂ

## ਫੰਡ ਸੂਚਨਾਵਾਂ:

- ਫੰਡ ਸਮੇਂ ਦੀ ਘਾਟ ਤੇ ਹੋਰ ਕਈ ਕਿਸਮ ਦੀ ਮੁਸ਼ਕਲਾਂ ਸਾਹਮਣੇ ਆਉਣ ਕਰਕੇ ਅਸੀਂ ਫੰਡ ਦੇਰ ਤੋਂ ਵਤਨੋਂ ਦੂਰ ਨੂੰ ਚਾਲੂ ਰਿਹਾ ਹਰ ਮਹੀਨੇ ਸਮੇਂ ਸਿਰ ਨਹੀਂ ਕੱਢ ਸਕੇ। ਜਨ ਦੀ ਖਪਤ ਸਾਨੂੰ ਮਜ਼ਬੂਰਨ ਪਰਚਾ ਮਾਸਿਕ ਦੀ ਥਾਂ ਦੋ-ਮਾਸਿਕ ਕਰਨਾ ਪੈ ਰਿਹਾ ਹੈ, ਪਰ ਸਾਡੀ ਕੋਸ਼ਿਸ਼ ਜਾਰੀ ਰਹੇਗੀ ਕਿ ਅਸੀਂ ਉਸ ਨੂੰ ਮਾਸਿਕ ਹੀ ਰਖੀਏ ਤੇ ਜਦ ਵੀ ਅਸੀਂ ਇਸ ਯੋਗ ਹੋਏ ਪਰਚੇ ਨੂੰ ਮੁੜ ਮਾਸਿਕ ਕਰ ਦੇਵਾਂਗੇ।
- ਪਰਚੇ ਦਾ ਸਾਲਾਨਾ ਚੰਦਾ ਘਟਾ ਕੇ 6 ਡਾਲਰ ਕਰ ਦਿੱਤਾ ਗਿਆ ਹੈ।
- ਵਤਨੋਂ ਦੂਰ ਦਾ ਅਗਲਾ ਅੰਕ (ਮਾਰਚ-ਅਪ੍ਰੈਲ) ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਾ ਖਾਸ ਅੰਕ ਹੋਵੇਗਾ।
- ਵਤਨੋਂ ਦੂਰ ਦਾ ਜੁਲਾਈ-ਅਗਸਤ ਦਾ ਅੰਕ ਕੈਨੇਡੀਅਨ ਪੰਜਾਬੀ ਕਹਾਣੀ ਅੰਕ ਹੋਵੇਗਾ। ਲੇਖਕ ਵੀਰ ਆਪਣੀਆਂ ਰਚਨਾਵਾਂ ਸਾਨੂੰ ਮਈ ਦੇ ਅੱਧ ਤਕ ਪਹੁੰਚਦੀਆਂ ਕਰ ਦੇਣ।




ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ੬ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ ੧੨ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

\- - - - - - - - - - - -
\- - - - - - - - - - - -
\- - - - - - - - - - - -
\- - - - - - - - - - - -

### ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ
ii) ਫਿੱਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ

ਸਾਨੂੰ ਭੇਜੋ।

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸ਼ਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's. Finest Indian Grocery Store**

**327-0295**

5125 VICTORIA
DRIVE VANCOUVER

# Try Raja's Famous



TANDOORIE CHICKEN
**MAKKI—DI-ROTTI & SAAG**
AT

*Tandori Hut*

*LICENSED*

**PHONE: 325-5014**
**7209 Main St. Vancouver**

FOR YOUR
INSURANCE
NEEDS:
SUCH AS —



- **AUTO INSURANCE**
- **BUSINESS**
- **COMMERCIAL**
- **HOME OWNERS**
- **TRAVEL INSURANCE**

*BALDEV SANGRA*
*BUS: (604) 321-4125*
*RES; (604) 687-7711*
*PAGER: 7648*
*RES: 325-5857*

Autoplan

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ.ਅਤੇ ਕੈਂਪਰ ਆਦਿ ਲਈ ਸਾਡੀਆਂ
ਸੇਵਾਵਾਂ ਹਾਜ਼ਰ ਹਨ।

*W. H. Gallagher Ltd.*

**5186 VICTORIA DR.**
**VANCOUVER, B.C. V5P 3V2**

**If you are looking for**



- ***Quality**
- *** Quality**
- *** Price**
- *** After sale service when**

**buying your car contact**
**Kuldip S. Jhand**

ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼ੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



**Office**
**521-7731**
**Res. 524-4137**

**WESTMINSTER CHEVROLET-OLDSMOBILE**
12 th Ave. at Queens Ave
New West Minster

# ਜਿਵੇਂ ਤਿਵੇਂ

ਵਿਕਰਮ ਆਰਯ

ਗੱਡੀ ਤੇਜ਼ੀ ਨਾਲ ਦੌੜਦੀ ਜਾ ਰਹੀ ਸੀ। ਲਛਮਣ ਸੋਚ ਰਿਹਾ ਸੀ ਕਿ ਘੰਟਾ ਕੁ ਹੋਰ ਬਾਕੀ ਹੈ — ਉਹ ਜਗਰਾਉਂ ਪਹੁੰਚ ਜਾਵੇਗਾ। ਸਟੇਸ਼ਨ ਤੋਂ ਰਿਕਸ਼ਾ ਕਰਕੇ ਬਸ ਅੱਡੇ ਚਲਾ ਜਾਵੇਗਾ। ਬੱਸ ਬਹਿ ਕੇ ਸਿੱਧਾ ਆਪਣੇ ਪਿੰਡ ਜਾ ਉਤਰੇਗਾ।

ਲੰਮੇਂ ਸਫ਼ਰ ਦੇ ਕਾਰਨ ਲਛਮਣ ਕੁਝ ਥੱਕਿਆ ਥੱਕਿਆ ਮਹਿਸੂਸ ਕਰ ਰਿਹਾ ਸੀ। ਪਹਿਲਾਂ ਦਿੱਲੀ ਤੋਂ ਲੁਧਿਆਣਾ – ਫੇਰ ਲੁਧਿਆਣੇ ਤੋਂ ਜਗਰਾਉਂ। ਸਾਰੀ ਰਾਤ ਉਸ ਨੇ ਅੱਖਾਂ 'ਚ ਹੀ ਕੱਟੀ ਸੀ। ਅਸਲ ਵਿਚ ਉਸ ਨੇ ਦਿੱਲੀ ਤੋਂ ਲੁਧਿਆਣੇ ਤਕ ਬੈਠਣ ਦੀ ਸੀਟ ਰੀਜ਼ਰਵ ਕਰਵਾਈ ਸੀ। ਸੀਟ ਤਾਂ ਉਸ ਨੂੰ ਮਿਲ ਹੀ ਗਈ। ਜਿਸ ਡੱਬੇ ਵਿਚ ਉਸ ਨੂੰ ਸੀਟ ਮਿਲੀ ਉਹ ਸਾਰਾ ਡੱਬਾ ਹੀ ਰੀਜ਼ਰਵ ਸੀਟਾਂ ਵਾਲਿਆਂ ਦਾ ਸੀ। ਪਰ ਉਸ ਡੱਬੇ ਵਿਚ ਦੂਜੇ ਡੱਬਿਆਂ ਨਾਲੋਂ ਵੀ ਬਹੁਤੀ ਭੀੜ ਸੀ। ਏਨੀ ਹਫੜਾ ਦਫੜੀ ਮੱਚੀ ਹੋਈ ਸੀ ਕਿ ਤੌਬਾ! ਲਗਦਾ ਸੀ ਜਿਵੇਂ ਹਰ ਬੰਦੇ ਨੇ ਉਸੇ ਡੱਬੇ ਵਿਚ ਹੀ ਘੁਸਣਾ ਹੋਵੇ। ਸਾਰਾ ਡੱਬਾ ਮੁਸਾਫ਼ਰਾਂ ਨਾਲ ਤੂੜੀ ਆਂਗੂੰ ਤੂੰਨਿਆਂ ਪਿਆ ਸੀ। ਲਗਦਾ ਸੀ ਜਿਵੇਂ ਸਾਰੀਆਂ ਸਵਾਰੀਆਂ ਫਿੱਟ ਕਰਕੇ ਬਿਠਾ-ਗਈਆਂ ਹੋਣ। ਕੀ ਮਜਾਲ ਕਿਤੇ ਰਤਾ ਮਾਸਾ ਪੈਰ ਮੋਕਲੇ ਕਰਨ ਨੂੰ ਵੀ ਥਾਂ ਹੋਵੇ। ਕੋਈ ਬਿਸਤਰਾ ਸੁਟ ਕੇ ਬੈਠਾ ਸੀ – ਕੋਈ ਟਰੰਕ ਉਤੇ ਚੜ੍ਹ ਕੇ ਬੀੜੀ ਸੁਲਗਾ ਰਿਹਾ ਸੀ ਤੇ ਕੋਈ ਪੀਪੇ ਦਾ ਸਹਾਰਾ ਲੈ ਕੇ ਊਂਘ ਰਿਹਾ ਸੀ। ਜੇ ਕਿਸੇ ਸਵਾਰੀ ਨੇ ਰਤਾ ਮਾਸਾ ਧੀਰਜ ਨਾਲ ਆਖਿਆ ਬਈ ਇਹ ਡੱਬਾ ਰੀਜ਼ਰਵ ਸੀਟਾਂ ਵਾਲਿਆਂ ਵਾਸਤੇ ਆ ਤਾਂ ਦੂਜੀਆਂ ਸਵਾਰੀਆਂ ਝਟ ਗਲ ਪੈ ਗਈਆਂ। ਅਸੀਂ ਕਿਹੜਾ ਬਿਨਾਂ ਟਿਕਟ ਤੋਂ ਆਂ। ਤੁਸੀਂ ਬੈਠਣ ਦੀਆਂ ਸੀਟਾਂ ਰੀਜ਼ਰਵ ਕਰਵਾਈਆਂ ਹੋਣਗੀਆਂ — ਸਾਰੀ ਗੱਡੀ ਨਹੀਂ। ਅਖੇ ਆਪ ਤਾਂ ਸੀਟ ਉਤੇ ਬੈਠ ਕੇ ਜਾਈਏ ਤੇ ਅਸੀਂ ਖੜੇ ਵੀ ਮਾੜੇ ਲਗਦੇ ਆਂ। ਕਈ ਸਵਾਰੀਆਂ ਤਾਂ ਏਨੇ ਭੀੜ-ਭੜੱਕੇ ਤੇ ਰੌਲੇ ਗੌਲੇ 'ਚ ਵੀ ਬੇਸੁਧ ਹੋ ਕੇ ਸੌਂ ਰਹੀਆਂ ਸਨ। ਪਰ ਲਛਮਣ ਨੇ ਸਾਰੀ ਰਾਤ ਅੱਖਾਂ 'ਚ ਹੀ ਕੱਟੀ। ਚਲੋ ਖ਼ੈਰ – ਕੀ ਫ਼ਰਕ ਪੈਂਦਾ – ਹੁਣ ਤਾਂ ਜਗਰਾਉਂ ਆਉਣ ਵਾਲਾ ਸੀ।

ਲਛਮਣ ਦੇ ਦਿਲ ਵਿਚ ਕੁਤ-ਕੁਤਾਰੀਆਂ ਹੋ ਰਹੀਆਂ ਸਨ। ਮਾਂ ਪਿਉ ਨੂੰ ਮਿਲਣ ਦੇ ਚਾਅ ਨਾਲ ਉਸ ਦਾ ਮਨ ਗੁਦਗੁਦਾ ਰਿਹਾ ਸੀ। ਉਸ ਨੇ ਪਹਿਨਣ ਵਾਲੇ ਕਪੜੇ ਲਏ ਤੇ ਵਾਸ਼ਬੇਸਨ ਅਗੇ ਜਾ ਖਲੋਤਾ। ਬਰੱਸ਼ ਕਰਕੇ ਮੂੰਹ ਹੱਥ ਧੋਤਾ। ਤੌਲੀਏ ਨਾਲ ਸਫ਼ਰ ਦਾ ਮਿੱਟੀ ਘੱਟਾ ਸਾਫ਼ ਕੀਤਾ। ਨਵੀਂ ਪੈਂਟ ਕਮੀਜ਼ ਪਾਈ। ਟਾਈ ਨੂੰ ਦਰੁਸਤ ਕੀਤਾ। ਖਿੰਡੇ ਪੁੰਡੇ ਸਾਮਾਨ ਨੂੰ ਤਰਤੀਬ ਨਾਲ ਸੂਟਕੇਸ ਵਿਚ ਰਖਿਆ। ਹੁਣ ਉਹ ਖਿੜਕੀ ਤੋਂ ਬਾਹਰ ਝਾਕ ਰਿਹਾ ਸੀ। ਦਰਖ਼ਤ ਘੁੰਮ ਰਹੇ ਸਨ। ਫ਼ਸਲਾਂ ਘੁੰਮ ਰਹੀਆਂ ਸਨ। ਸੂਰਜ ਚੜ੍ਹਨ 'ਚ ਅਜੇ ਕੁਝ ਸਮਾਂ ਬਾਕੀ ਸੀ। ਰੇਲਵੇ ਲਾਈਨ ਦੇ ਨਾਲ ਵਾਲੇ ਪਿੰਡਾਂ ਦੇ ਲੋਕ ਜੰਗਲ ਪਾਣੀ ਲਈ ਨਿਕਲ ਰਹੇ ਸਨ। ਕਈਆਂ ਨੂੰ ਉਹ ਪੱਬਾਂ ਭਾਰ ਬੈਠਿਆਂ ਦੇਖ ਵੀ ਸਕਦਾ ਸੀ। ਜਦੋਂ ਗੱਡੀ ਉਹਨਾਂ ਦੇ ਕੋਲੋਂ ਦੀ ਲੰਘਦੀ ਤਾਂ ਉਹ ਨੀਵੀਂ ਪਾ ਲੈਂਦੇ। ਲਗਦਾ ਸੀ ਜਿਵੇਂ ਗੱਡੀ ਤੋਂ ਸੰਗ ਜਾਂਦੇ ਹੋਣ।

ਲਛਮਣ ਪੂਰੇ ਤਿੰਨ ਸਾਲਾਂ ਪਿਛੋਂ ਪਿੰਡ ਆ ਰਿਹਾ ਸੀ। ਕਿੰਨਾ ਚਾਅ ਸੀ ਉਸ ਦੇ ਦਿਲ ਵਿਚ! ਕਿੰਨੀ ਤਰੱਕੀ ਕੀਤੀ ਸੀ ਉਸ ਨੇ – ਹਰ ਕੋਈ ਸਰਾਹੇਗਾ। ਲੋਕ ਉਸ ਨੂੰ ਮਿਲ ਕੇ ਬੜਾ ਖ਼ੁਸ਼ ਹੋਣਗੇ। ਇਸ ਤਰ੍ਹਾਂ ਦੀਆਂ ਸੋਚਾਂ ਨਾਲ ਉਹ ਸੁਆਦ ਸੁਆਦ ਹੋ ਰਿਹਾ ਸੀ। ਪਿੰਡ ਵੀ ਕਾਫ਼ੀ ਬਦਲ ਗਿਆ ਹੋਵੇਗਾ। ਉਸ ਦੇ ਛੋਟੇ ਭਰਾ ਦਾ ਖ਼ਤ ਆਇਆ ਸੀ ਕਿ ਗਲੀਆਂ ਪੱਕੀਆਂ ਹੋ ਗਈਆਂ ਹਨ। ਸਾਰੇ ਪਿੰਡ ਵਿਚ ਬਿਜਲੀ ਲਗ ਗਈ ਹੈ। ਉਹ ਖ਼ੁਸ਼ ਹੋ ਰਿਹਾ ਸੀ। ਨਵੇਂ ਮੁੰਡੇ ਬਿਜਲੀ ਦੀ ਰੌਸ਼ਨੀ 'ਚ ਪੜ੍ਹ ਲਿਖ ਰਹੇ ਹੋਣਗੇ। ਉਸ ਨੂੰ ਆਪਣਾ ਬਚਪਨ ਯਾਦ ਆਇਆ ਜਦੋਂ ਹਰ ਰੋਜ਼ ਲਾਲਟੈਨ ਦੀ ਕਾਲੀ ਸਿਆਹ ਚਿਮਨੀ ਸਾਫ਼ ਕਰਨੀ ਪੈਂਦੀ ਸੀ। ਹੁਣ ਤਾਂ ਕਈ ਮਕਾਨ ਪੱਕੇ ਵੀ ਬਣ ਗਏ ਹੋਣਗੇ। ਕਈ ਬੰਦੇ ਉਸ ਤੋਂ ਦਿੱਲੀ ਬਾਰੇ ਪੁਛਣਗੇ...... ਚੀਂ ਚੀਂ ਦੀ ਅਵਾਜ਼ ਨਾਲ ਉਸ ਦੀ ਸੋਚਾਂ ਦੀ ਲੜੀ ਟੁੱਟ ਗਈ। ਗੱਡੀ ਦੀਆਂ ਬਰੇਕਾਂ ਲੱਗ ਰਹੀਆਂ ਸਨ। ਗੱਡੀ ਝਟਕੇ ਜਹੇ ਖਾਂਦੀ ਰੁਕ ਗਈ। ਜਗਰਾਉਂ ਆ ਗਿਆ ਸੀ।

ਭਾਂਤ ਭਾਂਤ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਆਲੂ ਛੋਲੇ।" "ਗਰਮਾ ਗਰਮ ਪੂੜੀ।" "ਚਾਹ ਬਈ ਚਾਹ।" "ਅਜ ਦਾ ਤਾਜ਼ਾ ਅਖ਼ਬਾਰ।" ਲਛਮਣ ਉਠ ਕੇ ਖੜਾ ਹੋਇਆ। ਉਬਾਸੀ ਭੰਨ ਕੇ ਸਰੀਰ ਨੂੰ ਸਿੱਧਾ ਕੀਤਾ। ਕੁਲੀ ਨੂੰ ਸੂਟਕੇਸ ਦੇ ਕੇ ਉਸ ਦੇ ਪਿਛੇ ਪਿਛੇ ਹੋ ਤੁਰਿਆ। ਰਿਕਸ਼ੇ 'ਚ ਬੈਠ ਕੇ ਬੱਸਾਂ ਦੇ ਅੱਡੇ ਪਹੁੰਚ ਗਿਆ।

ਸਵੇਰ ਦਾ ਸਮਾਂ ਹੋਣ ਕਰਕੇ ਬੱਸ ਦੇ ਅੱਡੇ ਤੇ ਖ਼ਾਸ ਚਹਿਲ ਪਹਿਲ ਨਹੀਂ ਸੀ। ਵਾਪਸ ਜਾਣ ਵਾਲੀਆਂ ਥੋੜੀਆਂ ਸਵਾਰੀਆਂ ਹੀ ਸਨ। ਲਛਮਣ ਨੇ ਬੱਸ ਦੇ ਟਾਈਮ ਬਾਰੇ ਪਤਾ ਕੀਤਾ। ਅਜੇ ਪੌਣਾ ਘੰਟਾ ਬਾਕੀ ਸੀ। ਬੱਸ ਤਾਂ ਕੱਲ੍ਹ ਸ਼ਾਮ ਦੀ ਆਈ ਖੜੀ ਸੀ। ਉਹ ਟਿਕਟਾਂ ਵਾਲੀ ਖਿੜਕੀ ਕੋਲ ਪਹੁੰਚ ਗਿਆ। ਰੂਮੀ ਦੀ ਟਿਕਟ ਕਟਵਾਈ ਤੇ ਸੂਟਕੇਸ ਨੂੰ ਬੱਸ ਦੀ ਛੱਤ ਉਪਰ ਰਖਵਾ ਦਿਤਾ। ਹੁਣ ਉਹ ਕੁਝ ਸੌਖਾ ਸੌਖਾ ਮਹਿਸੂਸ ਕਰ ਰਿਹਾ ਸੀ। ਉਸ ਨੇ ਅਖ਼ਬਾਰ ਖ਼ਰੀਦੀ ਤੇ ਚਾਹ ਵਾਲੀ ਦੁਕਾਨ ਉਤੇ ਜਾ ਬੈਠਾ। ਚਾਹ ਦੇ ਕੱਪ ਲਈ ਆਖ ਕੇ ਅਖ਼ਬਾਰ ਦੀਆਂ ਮੋਟੀਆਂ ਮੋਟੀਆਂ ਸੁਰਖੀਆਂ ਉਤੇ ਨਜ਼ਰ ਫੇਰਨ ਲਗਾ। ਦੁਕਾਨਦਾਰ ਨੇ ਮੈਲੇ ਜਹੇ ਕਪੜੇ ਨਾਲ ਮੱਖੀਆਂ ਨੂੰ ਉਡਾ ਕੇ ਚਾਹ ਦਾ ਕੱਪ ਮੇਜ਼ ਉਤੇ ਲਿਆ ਰਖਿਆ।

ਦੁਕਾਨਦਾਰ ਨੇ ਪੁਛਿਆ, "ਥੋਤੇ ਬਿਸਕੁਟ ਜਾਂ ਡੱਬਲ-ਰੋਟੀ ਆਵੇ ਜੀ।"

ਲਛਮਣ ਨੇ ਨਾਂਹ ਵਿਚ ਸਿਰ ਹਿਲਾ ਦਿਤਾ।

ਦੁਕਾਨਦਾਰ ਕਹਿਣ ਲਗਾ – "ਬਾਬੂ ਜੀ, ਸਾਨੂੰ ਵੀ ਕੋਈ ਤਾਜ਼ਾ ਖ਼ਬਰ ਸੁਣਾ ਦਿਓ।"

ਲਛਮਣ ਦੇ ਦਿਲ ਵਿਚ ਆਇਆ ਕਿ ਉਹ ਕਹਿ ਦੇਵੇ ਕਿ ਤੇਰੀ ਦੁਕਾਨ ਦਾ ਮਾਲ ਛੱਡ ਕੇ ਸਭ ਕੁਝ ਤਾਜ਼ਾ ਈ ਤਾਜ਼ਾ।

ਲਛਮਣ ਕਹਿਣ ਲਗਾ, "ਕੋਈ ਖ਼ਾਸ ਨਹੀਂ।"

ਜਦੋਂ ਲਛਮਣ ਨੇ ਦੁਕਾਨਦਾਰ ਨੂੰ ਧਿਆਨ ਨਾਲ ਦੇਖਿਆ ਤਾਂ ਉਸ ਨੂੰ ਉਹ ਜਾਣਿਆਂ ਪਛਾਣਿਆਂ ਲਗਿਆ। ਸੋਚ ਸੋਚ ਕੇ ਲਛਮਣ ਨੂੰ ਯਾਦ ਆਇਆ। ਇਹ ਤਾਂ ਉਹਨਾਂ ਦੇ ਪਿੰਡ ਦਾ ਬਿਕਰ ਸੀ ਜੋ ਉਸ ਦਾ ਹਮਜਮਾਤੀ ਵੀ ਸੀ। ਬਿਕਰ ਪੜ੍ਹਾਈ ਵਿਚ ਢਿੱਲਾ ਸੀ। ਛੇਵੀਂ ਤੋਂ ਉਪਰ ਨਾ ਟੱਪਿਆ। ਉਸ ਨੂੰ ਬਿਕਰ ਬਾਰੇ ਹੁਣ ਤਕ ਯਾਦ ਸੀ। ਅੰਗਰੇਜ਼ੀ ਦੇ ਮਾਸਟਰ ਨੇ ਛੇਵੀਂ ਵਿਚ ਉਸ ਨੂੰ "ਬੁੱਕ" ਸ਼ਬਦ ਪੜ੍ਹਨ ਲਈ ਆਖਿਆ ਸੀ ਤੇ ਨਾਲ ਹੀ ਇਸ ਸ਼ਬਦ ਦੇ ਅਰਥ ਦਸਣ ਲਈ ਕਿਹਾ। ਬਿਕਰ ਨੇ ਪੜ੍ਹਿਆ ਸੀ – "ਬੀ-ਓ-ਓ-ਕੇ ਬੋਕ — ਬੋਕ ਦੇ ਅਰਥ ਬੱਕਰਾ।" ਸਾਰੀ ਕਲਾਸ ਖਿੜਖਿੜਾ ਕੇ ਹੱਸ ਪਈ ਸੀ। ਮਾਸਟਰ ਨੇ ਬਿਕਰ ਦੇ ਤਾੜ ਕਰਦਾ ਥੱਪੜ ਮਾਰਿਆ ਤੇ ਫੇਰ ਚੰਗਾ ਘਸੁੰਨ-ਤੇ-ਘਸੁੰਨ ਫੇਰਿਆ। ਮਾਸਟਰ ਆਖ ਰਿਹਾ ਸੀ, "ਸਾਲੇ ਮੱਕੀ ਦੀਆਂ ਰੋਟੀਆਂ ਤੇ ਧੜੀ ਧੜੀ ਸਾਗ ਖਾ ਕੇ ਅੰਗਰੇਜ਼ੀ ਪੜ੍ਹਨ ਆ ਜਾਂਦੇ ਆ। ਲੱਸੀ ਪੀ ਪੀ ਘੁਕੀ ਚੜ੍ਹੀ ਪਈ ਆ। ਅੰਗਰੇਜ਼ੀ ਕਿਥੋਂ ਆਵੇ। ਅੰਗਰੇਜ਼ੀ ਘੁਸਣ ਨੂੰ ਕੋਈ ਥਾਂ ਵੀ ਛੱਡਣ।" ਫੇਰ ਲਛਮਣ ਨੂੰ ਯਾਦ ਆਇਆ ਕਿ ਬਿਕਰ ਦਾ ਪਿਓ ਅਮਲੀ ਸੀ। ਹਰ ਸਮੇਂ ਉਸ ਨੂੰ ਫ਼ੀਮ ਦੀ ਤੋੜ ਲੱਗੀ ਰਹਿੰਦੀ। ਫ਼ੀਮ ਖਾ ਕੇ ਐਵੇਂ ਅਵਾ ਤਵਾ ਬੋਲਦਾ ਰਹਿੰਦਾ। ਫ਼ੀਮ ਨੇ ਸਾਰੀ ਜ਼ਮੀਨ ਵੀ ਖਾ ਲਈ ਤੇ ਬਿਕਰ ਦਾ ਪਿਓ ਵੀ। ਲਛਮਣ ਬਿਕਰ ਵਲ ਗੌਹ ਨਾਲ ਵੇਖਦਾ ਰਿਹਾ। ਜਦੋਂ ਉਸ ਨੂੰ ਪੂਰਾ ਯਕੀਨ ਹੋ ਗਿਆ ਕਿ ਉਹ ਬਿਕਰ ਹੈ ਤਾਂ ਕਹਿਣ ਲਗਾ – "ਕਿਉਂ ਬਈ, ਤੂੰ ਰੂਮੀ ਆਲਾ ਬਿਕਰ ਨਹੀਂ।"

ਬਿਕਰ ਝਟ ਸੁਣ ਕੇ ਬੋਲ ਉਠਿਆ, "ਹਾਂ – ਹਾਂ – ਮੈਂ ਬਿਕਰ ਹਾਂ।

"ਬਾਈ ਸਿਆਂ – ਮੈਂ ਨਹੀਂ ਤੈਨੂੰ ਸਿਆਣਿਆਂ।"

ਲਛਮਣ ਪਲ ਭਰ ਲਈ ਚੁਪ ਰਿਹਾ। ਫੇਰ ਕਹਿਣ ਲੱਗਾ – "ਮੈਂ ਲਛਮਣ ਆਂ।"

ਬਿਕਰ ਦੋ ਕੁ ਮਿੰਟ ਉਸ ਵਲ ਟਿਕਟਿਕੀ ਲਾ ਕੇ ਦੇਖਦਾ ਰਿਹਾ। ਫੇਰ ਸਿਆਣ ਕਦਦਾ ਹੋਇਆ ਚੋਰ ਦਾ ਕਹਿਕਾ ਲਗਾ ਕੇ ਹੱਸਿਆ ਤੇ ਕਹਿਣ ਲਗਾ – "ਲੈ ਬਈ ਗਊ ਦੀ ਸੌਂਹ – ਮੈਂ ਤੈਨੂੰ ਹੁਣ ਪਛਾਣਿਆਂ।"

"ਤੂੰ ਲੱਛੂ ਐਂ।"

ਚਮਿਆਰਾਂ ਦਾ ਲੱਛੂ।

ਅਸਲ ਵਿਚ ਤੂੰ ਟੌਰ ਬਹੁਤ ਕਢਿਆ।

ਤਾਹੀਓਂ ਸਿਆਣ 'ਚ ਨਹੀਂ ਆਇਆ।

ਨਾਲੇ ਚਿਰ ਪਿਛੋਂ ਦੇਖਿਆ।

ਲਛਮਣ ਦੇ ਦਿਲ ਵਿਚ ਆਇਆ ਕਿ ਉਹ ਬਿਕਰ ਨੂੰ ਧੜੀ ਧੜੀ ਦੀਆਂ ਗਾਲ੍ਹਾਂ ਕਢੇ –

"ਭੈਣ ਦੇਣੇ ਦਾ –

ਮਾਂ ਦਾ ਯਾਰ –

ਬੈਞੀ ਦਾ ਪੁੱਤ –"

ਮੈਂ ਦਿੱਲੀ ਵਿਚ ਸੈਕਸ਼ਨ ਅਫ਼ਸਰ ਲੱਗਾਂ ਤੇ ਇਹ ਸਾਲਾ ਲੱਛੂ ਈ ਸੱਦਦਾ। ਲਛਮਣ ਕਹਿੰਦਿਆਂ ਗਸ਼ ਪੈਂਦੀ ਏ। ਇਹਨਾਂ ਦਾ ਕੋਈ ਮੁੰਡਾ ਤਹਿਸੀਲ ਵਿਚ ਮੁਣਸ਼ੀ ਵੀ ਲਗ ਜੇ ਤਾਂ ਝਟ 'ਕੀੜੇ' ਤੋਂ 'ਮਲਕੀਅਤ ਸਿੰਘ' ਬਣ ਜਾਂਦਾ। ਮੈਂ ਏਨੀ ਮਿਹਨਤ ਕੀਤੀ। ਪੜ੍ਹਾਈ ਲਈ ਦਿਨ ਰਾਤ ਇਕ ਕੀਤਾ। ਬੀ. ਏ. ਕੀਤੀ – ਫੇਰ ਐਮ. ਏ. ਕੀਤੀ। ਸੈਕਸ਼ਨ ਅਫ਼ਸਰ ਬਣ ਗਿਆ। ਪਰ ਲੱਛੂ ਤੋਂ ਉਤੇ ਨਹੀਂ ਟੱਪ ਸਕਿਆ। ਫੇਰ ਲਛਮਣ ਨੇ ਸੋਚਿਆ ਕਿ ਬਿਕਰ ਤਾਂ ਮੂਰਖ ਆ। ਮੂਰਖ ਨੂੰ ਇਹਨਾਂ ਚੀਜ਼ਾਂ ਦੀ ਕੀ ਸਮਝ। ਮੂਰਖ ਨੇ ਤਾਂ ਮੂਰਖਾਂ ਵਾਲੀ ਗੱਲ ਕਰਨੀ ਆ।

ਬਿਕਰ ਲਛਮਣ ਨੂੰ ਪੁਛ ਰਿਹਾ ਸੀ – "ਕਿਉਂ ਬਾਈ ਤੂੰ ਛੁਟੀ ਆ ਇਆਂ। ਸੁਣਿਆ ਫ਼ੌਜ ਦੀ ਨੌਕਰੀ ਚੰਗੀ ਆ। ਸੁਣਿਆ ਖ਼ੁਰਾਕ ਵੀ ਤਕੜੀ ਮਿਲਦੀ ਆ।"

ਲਛਮਣ ਮਨ ਹੀ ਮਨ ਵਿਚ ਹੱਸ ਰਿਹਾ ਸੀ। ਖੂਹ ਦੇ ਡੱਡੂ। ਜਿਹੜਾ ਬੰਦਾ ਵੀ ਪਿੰਡੋਂ ਬਾਹਰ ਜਾਂਦਾ – ਇਹ ਸਮਝਦੇ ਐ ਬਈ ਫ਼ੌਜ 'ਚ ਭਰਤੀ ਆ। ਫ਼ੌਜ ਤੋਂ ਬਿਨਾਂ ਬੰਦਾ ਹੋਰ ਕਿਤੇ ਜਾ ਈ ਨਹੀਂ ਸਕਦਾ। ਬੱਸ ਦਾ ਸਮਾਂ ਹੋਣ ਵਾਲਾ ਸੀ। ਲਛਮਣ ਨੇ ਇਹ ਕਹਿੰਦੇ ਹੋਏ – ਕਿ ਹਾਂ – ਮੈਂ ਛੁਟੀ ਆਇਆਂ – ਚਾਹ ਦੇ ਪੈਸੇ ਮੇਜ਼ ਤੇ ਰਖੇ ਤੇ ਬੱਸ ਵਲ ਨੂੰ ਵਧ ਗਿਆ।

ਸਵਾਰੀਆਂ ਬੱਸ ਵਿਚ ਬੈਠ ਚੁਕੀਆਂ ਸਨ। ਕੰਡਕਟਰ ਟਿਕਟਾਂ ਚੈੱਕ ਕਰ ਰਿਹਾ ਸੀ ਤੇ ਇਕ ਮਾਈ ਨੂੰ ਆਖ ਰਿਹਾ ਸੀ – "ਆਹ ਨਿਆਣੇ ਨੂੰ ਗੋਦੀ 'ਚ ਕਰ ਲੈ ਮਾਈ, ਅੱਧਾ ਟਿਕਟ ਲੈ ਕੇ ਕਹਿੰਦੇ ਆ ਬਈ ਸਾਰੀ ਸੀਟ ਮਿਲ ਜੇ।"

ਟਿਕਟ ਚੈੱਕ ਕਰਕੇ ਕੰਡਕਟਰ ਨੇ ਸੀਟੀ ਵਜਾਈ। ਕੁਝ ਘੁਰ ਘੁਰ ਦੀ ਆਵਾਜ਼ ਹੋਈ ਤੇ ਬੱਸ ਚਲ ਪਈ।

ਲਛਮਣ ਧੁਰ ਖੱਬੇ ਪਾਸੇ ਖਿੜਕੀ ਵਾਲੀ ਸੀਟ ਕੋਲ ਬੈਠਾ ਸੀ। ਸੱਜੇ ਪਾਸੇ ਰੂਮੀ ਦੇ ਕੁਝ ਹੋਰ ਬੰਦੇ ਬੈਠੇ ਸਨ। ਆਪਸ 'ਚ ਘੁਸਰ ਮੁਸਰ ਹੋਣ ਲੱਗੀ। ਉਹਨਾਂ 'ਚੋਂ ਇਕ ਬੰਦਾ ਦੂਜੇ ਬੰਦੇ ਨੂੰ ਕਹਿ ਰਿਹਾ ਸੀ – "ਲੈ ਬਈ ਤੂੰ ਐਹ ਮੁੰਡੇ ਨੂੰ ਪਛਾਣਿਆਂ।"

ਦੂਜੇ ਬੰਦੇ ਨੇ ਧਿਆਨ ਨਾਲ ਦੇਖ ਕੇ ਨਾਂਹ ਵਿਚ ਸਿਰ ਹਿਲਾਇਆ।

"ਲੈ ਦੱਸਾਂ ਫੇਰ।"

"ਦੱਸ।"

"ਇਹ ਚਮਿਆਰਾਂ ਦਾ ਲੱਛੂ ਆ।"

ਉਹ ਤਾੜੀ ਮਾਰ ਕੇ ਹੱਸ ਪਿਆ ਤੇ ਕਹਿਣ ਲਗਾ – "ਲੱਖੂ ਦਾ ਲੱਛੂ। ਮਾਂ ਜਾਬਾ ਸਿਆਣ 'ਚ ਨ੍ਹੀਂ ਆਇਆ। ਦੇਖ ਕਿਮੇਂ ਹੱਡ ਅੰਗੂੰ ਨਿਖਰਿਆ ਬੈਠਾ। ਲੈ ਬਈ ਇਹਦੀ ਮਾਂ ਵੀ ਬੜੀ ਚੀਜ਼ ਸੀ। ਕਹਿੰਦੇ ਲੋਕਾਂ ਨੇ ਮਲਾਈ ਅੰਗੂੰ ਛਕੀ।"

ਲਛਮਣ ਦੀਆਂ ਨਜ਼ਰਾਂ ਹਿੰਦੁਸਤਾਨ ਟਾਈਮਜ਼ ਤੇ ਘੁੰਮ ਰਹੀਆਂ ਸਨ। ਉਸ ਦੇ ਕੰਨ ਚਲ ਰਹੀ ਘੁਸਰ ਮੁਸਰ ਨੂੰ ਸੁਣ ਰਹੇ ਸਨ। ਉਸ ਨੂੰ ਲੱਗ ਰਿਹਾ ਸੀ ਜਿਵੇਂ ਕੋਈ

ਢਲਿਆ ਹੋਇਆ ਸ਼ੀਸ਼ਾ ਉਸ ਦੇ ਕੰਨਾਂ 'ਚ ਪਾ ਰਿਹਾ ਹੋਵੇ।

ਰੂਮੀ ਦੇ ਬੈਠੇ ਬੰਦਿਆਂ ਵਿਚੋਂ ਇਕ ਬੰਦਾ ਆਖ ਰਿਹਾ ਸੀ, "ਲੈ ਬਈ! ਮੈਨੂੰ ਤਾਂ ਲੱਛੂ ਬੱਗੇ ਬੁੜੇ ਦੀ ਸੱਟ ਲਗਦਾ। ਕਹਿੰਦੇ ਬੱਗੇ ਬੁੜੇ ਦੀ ਬੰਤੀ ਨਾਲ ਆੜੀ ਸੀ।"

ਦੂਜਾ ਬੰਦਾ ਆਖ ਰਿਹਾ ਸੀ – "ਠੀਕ ਆ ਭਾਈ! ਸਾਡੇ ਬੁੜੇ ਦੀ ਨਾ ਹੋਊ — ਬੱਗੇ ਦੀ ਹੋਊ। ਬੱਗੇ ਬੁੜੇ ਨੇ ਕਿਹੜਾ ਕਲੇਰਾਂ ਆਲੇ ਸੰਤਾਂ ਤੋਂ ਅੰਮ੍ਰਿਤ ਛਕਿਆ ਸੀ। ਬੰਤੀ ਤਾਂ ਸੀਲ ਗਾਂ ਅਰਗੀ ਸੀ। ਭੌਰਾ ਨਹੀਂ ਸਾਂ ਅਖੜਦੀ। ਜਿਹੜਾ ਮਰਜ਼ੀ ਪੱਠਿਆਂ ਦਾ ਥੱਬਾ ਸਿੱਟ ਕੇ ਚੋ ਲੈ।"

ਬੱਸ ਨਹਿਰ ਦੇ ਪੁਲ ਉਪਰੋਂ ਦੀ ਲੰਘ ਰਹੀ ਸੀ। ਲਛਮਣ ਦੇ ਦਿਲ ਵਿਚ ਆ ਰਿਹਾ ਸੀ ਕਿ ਉਹ ਚਲਦੀ ਬੱਸ 'ਚੋਂ ਨਹਿਰ ਵਿਚ ਛਾਲ ਮਾਰ ਦੇਵੇ। ਬੜੀ ਮੁਸ਼ਕਲ ਨਾਲ ਉਸ ਨੇ ਆਪਣੇ ਆਪ ਉਤੇ ਕਾਬੂ ਪਾਈ ਰਖਿਆ। ਉਹ ਇਉਂ ਘੇਸਲ ਮਾਰ ਕੇ ਬੈਠਾ ਰਿਹਾ ਜਿਵੇਂ ਕੁਝ ਸੁਣ ਹੀ ਨਾ ਰਿਹਾ ਹੋਵੇ।

ਘੁਸਰ ਮੁਸਰ ਜਾਰੀ ਸੀ। ਇਕ ਬੰਦਾ ਬੋਲ ਰਿਹਾ ਸੀ — "ਕਿਉਂ ਸਾਲਿਓ ਜੱਕੜ ਮਾਰੀ ਜਾਨੇ ਓ। ਕਿਸੇ ਦੇਖਿਆ ਬੰਤੀ ਨੂੰ ਖੇਹ ਖਾਂਦਿਆਂ।"

ਦੂਜਾ ਬੰਦਾ ਕਹਿ ਰਿਹਾ ਸੀ – "ਲੈ ਦੇਖਣ ਆਲੀ ਕਿਹੜੀ ਗੱਲ ਆ। ਪਿੰਡ ਦਾ ਨਿਆਣਾ ਨਿਆਣਾ ਜਾਣਦਾ। ਨਾਲੇ ਐਹੋ ਜੇਹੇ ਕੰਮ ਕਿਹੜਾ ਕੋਈ ਦਖਾ ਕੇ ਕਰਦਾ।"

ਸਾਰੇ ਖਿੜਖਿੜਾ ਕੇ ਹੱਸ ਪਏ। ਫੇਰ ਕੋਈ ਕਹਿ ਰਿਹਾ ਸੀ — "ਬਈ ਜੇ ਬੰਤੀ ਮਾੜੀ ਹੁੰਦੀ ਤਾਂ ਸ਼ੇਰੇ ਨਾਲ ਕੁੱਤੇ ਖਾਣੀ ਨਾ ਕਰਦੀ। ਕਹਿੰਦੇ ਸ਼ੇਰੇ ਨੇ ਕੋਈ ਪੁੱਠੀ ਸਿੱਧੀ ਗੱਲ ਕਹੀ ਨਹੀਂ ਤੇ ਬੰਤੀ ਨੇ ਉਹਦੀ ਬੜੀ ਲਾਹ ਪਾਹ ਕੀਤੀ।"

ਇਕ ਹੋਰ ਬੰਦਾ ਆਖ ਰਿਹਾ ਸੀ – "ਇਹਦੇ 'ਚ ਕੀ ਆ। ਸ਼ੇਰੇ ਨੇ ਧੱਕਾ ਜ਼ੋਰੀ ਕੀਤਾ ਹੋਊ। ਇਹ ਕੰਮ ਤਾਂ ਰਜ਼ਾਮੰਦੀ ਦਾ ਹੁੰਦਾ। ਭਾਈ ਸੀਟੀ ਮਿਲੇ ਦੀ ਗਲ ਆ। ਧੱਕੇ ਨਾਲ ਤਾਂ ਗਧੀ ਵੀ ਨੇੜੇ ਨਹੀਂ ਲਗਣ ਦਿੰਦੀ। ਟੀਟਣੇ ਮਾਰ ਮਾਰ ਸੁਰਤ ਭੁਲਾ ਦਿੰਦੀ ਆ।"

ਇਕ ਹੋਰ ਆਵਾਜ਼ ਉਭਰੀ – "ਕੀ ਸਾਲਿਓ ਸਵੇਰੇ ਸਵੇਰੇ ਗੰਦ ਬਕੀ ਜਾਂਦੇ ਓ। ਕੋਈ ਚੱਜ ਦੀ ਗੱਲ ਕਰੋ। ਅਕਲ ਤਾਂ ਆਉਣੀ ਨਹੀਂ। ਅਕਲ ਦੇ ਸਾਹਮਣੇ ਤਾਂ ਡਾਂਗ ਲੈ ਕੇ ਖੜੇ ਹੋ ਜਾਂਦੇ ਆ। ਮਜਾਲ ਆ ਘਰ 'ਚ ਬੜਨ ਦੇਣ।" ਨਾ ਜਾਣੇ ਲਛਮਣ ਨੂੰ ਹੋਰ ਕੀ ਕੁਝ ਸੁਣਨਾ ਪੈਂਦਾ ਜੇ ਉਹਨਾਂ ਵਿਚੋਂ ਇਕ ਬੰਦਾ ਗੱਲਾਂ ਦਾ ਰੁਖ ਨਾ ਬਦਲਦਾ।

ਗਲਬਾਤ ਫ਼ਸਲਾਂ ਬਾਰੇ ਚਲ ਪਈ – "ਲੈ ਬਈ ਮਾਰਤੇ ਮੀਂਹਾਂ ਨੇ। ਇਹਦੀ ਧੀ ਦੀ ਹਟਣ 'ਚ ਈ ਨ੍ਹੀਂ ਆਉਂਦੇ। ਮਾੜੀ ਜ਼ੀ ਧੁੱਪ ਲਗਦੀ ਆ – ਫੇਰ ਮੀਂਹ।"

"ਕਣਕ ਕਿਥੋਂ ਸੁੱਕ। ਹੁਣ ਤਾਂ ਖੇਤੀ ਨਾਲੋਂ ਮਾਹਟਰੀ ਚੰਗੀ ਆ। ਭਾਵੇਂ ਮੀਂਹ ਆਵੇ ਭਾਵੇਂ ਝੱਖੜ – ਮ੍ਹੀਨੇ ਪਿਛੋਂ ਤਨਖ਼ਾਹ ਤਾਂ ਵੱਟ ਤੇ ਪਈ ਆ।"

"ਜੂਨ ਤਾਂ ਜੱਟ ਦੀ ਮਾੜੀ ਆ। ਬਾਰਾਂ ਮ੍ਹੀਨੇ ਤੀਹ ਦਿਨ ਖੇਤਾਂ 'ਚ।"

"ਲੈ ਬਈ ਕਿਹੜਾ ਮਹਿਕਮਾ ਜਿਥੇ ਛੁਟੀ ਨ੍ਹੀਂ ਮਿਲਦੀ। ਫ਼ੌਜੀ ਵੀ ਸਾਲ ਦੇ ਸਾਲ ਛੁਟੀ ਆਉਂਦੇ ਆ।"

"ਲੈ ਆਹ ਪੁਲਸ ਆਲੇ ਈ ਲੈ ਲੋ। ਮ੍ਹੀਨੇ ਪਿਛੋਂ ਬੱਧੀ ਤਨਖ਼ਾਹ। ਉਪਰਲੀ ਆਮਦਨੀ ਵਖਰੀ। ਦਾਰੂ ਪਾਣੀ ਮੁਖ਼ਤ ਤੇ ਲੋਕਾਂ ਦੇ ਚਿੱਤੜ ਵਾਧੇ ਦੇ ਕੁੱਟਦੇ ਆ..."

ਕੰਡਕਟਰ ਸੀਟ੍ਹੀ ਵਜਾ ਰਿਹਾ ਸੀ ਤੇ ਕਹਿ ਰਿਹਾ ਸੀ – "ਰੂਮੀ ਆ ਰਿਹਾ ਭਾਈ ਰੂਮੀ। ਰੂਮੀ ਦੀਆਂ ਸਵਾਰੀਆਂ ਖੜੀਆਂ ਹੋ ਜੋ।"

ਰੂਮੀ ਆ ਚੁੱਕੀ ਸੀ। ਰੂਮੀ ਦੀਆਂ ਸਵਾਰੀਆਂ ਨੇ ਆਪਣਾ ਆਪਣਾ ਸਾਮਾਨ ਸੰਭਾਲਿਆ ਤੇ ਇਕ ਇਕ ਕਰਕੇ ਬੱਸ 'ਚੋਂ ਉੱਤਰ ਗਈਆਂ।

ਲਛਮਣ ਸੂਟਕੇਸ ਹੱਥ 'ਚ ਫੜੀ ਫਿਰਨੀ ਫਿਰਨੀ ਆਪਣੇ ਘਰ ਲਈ ਤੁਰ ਪਿਆ। ਪਿੰਡ ਦੇ ਦੂਜੇ ਪਾਸੇ ਉਸ ਦਾ ਘਰ ਸੀ। ਅਜੇ ਕੁਝ ਕੁ ਕਦਮ ਹੀ ਤੁਰਿਆ ਹੋਵੇਗਾ ਕਿ ਸਾਹਮਣੇ ਦੋ ਆਦਮੀ ਬੋਲਦ ਲਈ ਜਾ ਰਹੇ ਸਨ। ਉਹਨਾਂ 'ਚੋਂ ਇਕ ਕਹਿ ਰਿਹਾ ਸੀ – "ਲੈ ਬਈ ਇਹ ਤਾਂ ਭੰਣ ਗ...... ਲੱਛੂ ਲਗਦਾ। ਲੈ ਦੇਖ ਲੈ। ਕੱਲ ਮਾਂ ਜਾਕੇ ਦੇ ਨਲੀ ਲਮਕਦੀ ਸੀ ਹੁਣ ਕਿਮੇਂ ਐਤਾਂ ਕੀ ਮਟੀ ਅੰਗੂੰ ਨਿਖਰਿਆ ਫਿਰਦਾ।"

ਦੂਜਾ ਬੰਦਾ ਕਹਿ ਰਿਹਾ ਸੀ – "ਬਈ ਹੱਦ ਕਰਤੀ ਕਤੀੜ ਨੇ। ਕਹਿੰਦੇ ਦਿੱਲੀ 'ਚ ਜਿਥੇ ਬੜੇ ਬੜੇ ਵਜ਼ੀਰ ਰਹਿੰਦੇ ਆ ਉਥੇ ਕੰਮ ਕਰਦਾ।"

ਲਛਮਣ ਕੁਝ ਹੋਰ ਅਗੇਰੇ ਗਿਆ ਤਾਂ ਇਕ ਬੁੜੀ ਦੂਜੀ ਬੁੜੀ ਨੂੰ ਕਹਿ ਰਹੀ ਸੀ – "ਨੀਂ ਇਹ ਤਾਂ ਬੰਤੀ ਦਾ ਲੱਛ ਲਗਦਾ। ਮਖਿਆ ਗਲ 'ਚ ਸਰਕਾਰੂ ਪਟਾ ਪਾਇਆ ਨੀਂ। ਕੋਈ ਸਰਕਾਰੂ ਕੰਮ ਕਰਦਾ ਲਗਦਾ। ਚਮੜੇ ਦੀ ਪੇਟੀ ਵੀ ਸਰਕਾਰ ਦਿੰਦੀ ਆ।"

ਲਛਮਣ ਨੂੰ ਖਿੱਝ ਜਿਹੀ ਆਈ। ਹੱਦ ਹੋ ਗਈ ਲੋਕਾਂ ਦੀ। ਲੈ ਆਹ ਬੁੜੀਆਂ ਟਾਈ ਨੂੰ ਸਰਕਾਰੂ ਪਟਾ ਦਸਦੀਆਂ। ਉਸ ਦੀ ਆਪਣੀ ਬੈਲਟ ਨੂੰ ਸਰਕਾਰੂ ਪੇਟੀ। ਉਸ ਨੂੰ ਗੱਲਾਂ ਸੁਣ ਸੁਣ ਬੇ-ਤਹਾਸ਼ਾ ਗੁੱਸਾ ਆਇਆ। ਇਕ ਵਾਰੀ ਤਾਂ ਉਸ ਦੇ ਮਨ 'ਚ ਆਇਆ ਕਿ ਉਚੀ ਉਚੀ ਰੌਲਾ ਪਾ ਕੇ ਦੱਸ ਦੇਵੇ ਕਿ ਦੁਨੀਆਂ ਕਿਥੋਂ ਦੀ ਕਿਥੇ ਪਹੁੰਚ ਗਈ ਹੈ ਤੇ ਇਹ ਲੋਕ ਕਿਥੇ ਖੜੇ ਹਨ। ਉਸ ਨੇ ਧਰਤੀ ਉਤੇ ਥੁਕਿਆ। ਉਸ ਨੂੰ ਲਗਿਆ ਜਿਵੇਂ ਉਸ ਨੇ ਸਾਰਾ ਗੁੱਸਾ ਥੁੱਕ ਦਿਤਾ ਹੋਵੇ। ਉਹ ਚੁੱਪ ਚਾਪ ਅਗੇ ਨੂੰ ਤੁਰ ਪਿਆ। ਹੁਣ ਉਹ ਆਪਣੇ ਘਰਾਂ ਵਿਚ ਦਾਖ਼ਲ ਹੋ ਹੋ ਚੁਕਾ ਸੀ। ਕੱਲੀ ਕੱਲੀ ਬੁੜੀ ਉਸ ਦਾ ਸਿਰ ਪਲੋਸ ਰਹੀ ਸੀ। ਉਹ ਡਰ ਰਿਹਾ ਸੀ ਕਿ ਇਸ ਪਿਆਰ ਦਾ ਸਦਕਾ ਕਿਤੇ ਘਰ ਪਹੁੰਚਣ ਤੋਂ ਪਹਿਲਾਂ ਪਹਿਲਾਂ ਹੀ ਉਸ ਦੀ ਪੱਗ ਨਾ ਢਹਿ ਜਾਵੇ। ਬਜ਼ੁਰਗ ਉਸ ਦੀ ਪਿੱਠ ਥਾਪੜ ਰਹੇ ਸਨ। ਨਿਆਣੇ ਨਿਕੇ ਨਾਲ ਨਾਲ ਤੁਰ ਰਹੇ ਸਨ ਤੇ ਦੇਖ ਦੇਖ ਕੇ ਖ਼ੁਸ਼ ਹੋ ਰਹੇ ਸਨ।

ਲਛਮਣ ਆਪਣੇ ਘਰ ਪਹੁੰਚ ਚੁਕਾ ਸੀ। ਦੇਖਦੇ ਸਾਰ ਮਾਂ ਨੂੰ ਲਾਲੀਆਂ ਚੜ੍ਹ ਗਈਆਂ। ਘੁਟ ਕੇ ਛਾਤੀ ਨਾਲ ਲਾ ਲਿਆ। ਵੇ ਤੂੰ ਆਉਣ ਦੀ ਚਿੱਠੀ ਕਿਉਂ ਨਾ ਪਾਈ ਲਛਮਣਾ।" ਪਿਉ ਨੇ ਰੱਜ ਕੇ ਪਿਆਰ ਦਿਤਾ। ਲਛਮਣ ਤਿੰਨਾਂ ਸਾਲਾਂ ਪਿਛੋਂ ਛੁਟੀ ਆਇਆ ਸੀ। ਮਮਤਾ ਨਾਲ ਮਾਂ ਦੀਆਂ ਅੱਖਾਂ ਛਲ੍ਹਕ ਪਈਆਂ। ਸਿੱਲੀਆਂ ਅੱਖਾਂ ਨਾਲ ਮਾਂ ਆਖ ਰਹੀ ਸੀ – "ਵੇ ਲਛਮਣਾ – ਤੈਨੂੰ ਮਾਂ ਦੀ ਮਮਤਾ ਯਾਦ ਨਾ ਆਈ? ਵੇ ਤੂੰ ਪਿਉ ਦੇ ਮੋਹ ਨੂੰ ਭੁੱਲ ਗਿਆ। ਵੇ ਤੇਰਾ ਪ੍ਰਦੇਸ 'ਚ ਜੀਅ ਲਗਿਆ..."

ਲਛਮਣ ਦਾ ਪਿਉ ਆਖ ਰਿਹਾ ਸੀ – "ਲੈ ਐਮੇਂ ਰੋਣੇ ਧੋਣੇ ਲੈ ਕੇ ਬੈਗੀ। ਅੜੀ ਦੂਰੋਂ ਮੁੰਡਾ ਆਇਆ – ਕੁਸ਼ ਚਾਹ ਪਾਣੀ ਕਰ।"

"ਚਾਹ ਪਾਣੀ ਵੀ ਕਰਦੀ ਆਂ। ਮੇਰੇ ਤਾਂ ਜਿਵੇਂ ਕਾਲਜੇ ਨੂੰ ਠੰਡ ਪੈਗੀ।"

ਲਛਮਣ ਦੀ ਮਾਂ ਤੇ ਪਿਉ ਜਿਵੇਂ ਖ਼ੁਸ਼ੀ ਨਾਲ ਖਿੜ ਜਿਹੇ ਗਏ। ਪਰ ਆਪ ਉਹ ਕੁਝ ਬੁਝਿਆ ਬੁਝਿਆ ਸੀ। ਆਂਢੀ ਗੁਆਂਢੀ ਉਸ ਦੀ ਖ਼ਬਰ ਸਾਰ ਲੈਣ ਆ ਰਹੇ ਸਨ। ਉਹ ਉਪਰੋਂ ਉਪਰੋਂ ਤਾਂ ਸਭ ਨੂੰ ਹੱਸ ਕੇ ਮਿਲ ਰਿਹਾ ਸੀ ਪਰ ਉਸ ਦਾ ਅੰਦਰ ਤਾਂ ਜਿਵੇਂ ਬਿਲਕੁਲ ਲਹੂ-ਲੁਹਾਣ ਹੋਇਆ ਪਿਆ ਸੀ।

ਦੁਪਹਿਰ ਦੀ ਰੋਟੀ ਖਾ ਕੇ ਉਹ ਲੇਟ ਗਿਆ। ਸਫ਼ਰ ਦੀ ਥਕਾਣ ਨਾਲ ਸਰੀਰ ਕੁਝ ਨਿੱਸਲ ਹੋਇਆ ਪਿਆ ਸੀ। ਮਾਂ ਸਿਰਹਾਣੇ ਬੈਠੀ ਪੱਖੀ ਝੱਲਦੀ ਰਹੀ ਤੇ ਲਛਮਣ ਦੇ ਮੂੰਹ ਵਲ ਦੇਖ ਦੇਖ ਖ਼ੁਸ਼ ਹੁੰਦੀ ਰਹੀ। ਲਛਮਣ ਦੀਆਂ ਅੱਖਾਂ ਭਾਰੀ ਸਨ ਪਰ ਨੀਂਦ ਨਹੀਂ ਸੀ ਆ ਰਹੀ। ਰਹਿ ਰਹਿ ਕੇ ਉਸ ਦਾ ਧਿਆਨ ਸਵੇਰ ਦੀਆਂ ਹੋਈਆਂ ਗੱਲਾਂ ਵਲ ਚਲਿਆ ਜਾਂਦਾ। ਉਸ ਨੂੰ ਲਗ ਰਿਹਾ ਸੀ ਜਿਵੇਂ ਉਸ ਦੇ ਸਾਰੇ ਸਰੀਰ ਵਿਚ ਕੋਈ ਸੂਈਆਂ ਚੁਭੋ ਰਿਹਾ ਹੋਵੇ। ਤਿੱਖੀਆਂ ਸੂਈਆਂ। ਉਸ ਦੀ ਹਰ ਸੋਚ ਜ਼ਖ਼ਮੀ ਹੋ ਜਾਂਦੀ। ਹਰ ਖ਼ਿਆਲ ਲਹੂ-ਲੁਹਾਣ ਹੋ ਜਾਂਦਾ। ਉਹ ਤਿੱਖੀਆਂ ਚੋਭਾਂ ਤੋਂ ਨਾ ਬਚ ਸਕਦਾ। ਫੇਰ ਉਸ ਨੂੰ ਚੋਭਾਂ ਦਾ ਦਰਦ ਮਹਿਸੂਸ ਹੋਣ ਲੱਗਾ। ਉਸ ਨੂੰ ਲਗਿਆ ਜਿਵੇਂ ਉਸ ਦਾ ਸਾਰਾ ਸਰੀਰ ਛਲਣੀ ਛਲਣੀ ਹੋ ਚੁਕਾ ਹੈ। ਉਹ ਹਰ ਪਾਸਿਉਂ ਉਦਾਸ ਜਿਹਾ ਹੋ ਗਿਆ। ਆਪਣੇ ਘਰ ਪਹੁੰਚ ਕੇ ਵੀ ਉਸ ਨੂੰ ਖ਼ੁਸ਼ੀ ਨਹੀਂ ਸੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਉਸ ਨੂੰ ਕੋਈ ਕੰਡਿਆਂ ਉਤੇ ਘੜੀਸ ਰਿਹਾ ਹੋਵੇ।

ਪਿਉ ਨੇ ਉਸ ਦੇ ਚਿਹਰੇ ਦੀ ਉਦਾਸੀ ਪੜ੍ਹ ਲਈ ਤੇ ਪੁੱਛਿਆ – "ਚਿੱਤ ਤਾਂ ਠੀਕ ਐ ਲਛਮਣਾ।"

ਲਛਮਣ ਕੁਝ ਵੀ ਨਾ ਕਹਿ ਸਕਿਆ। ਇਕ ਵਾਰ ਤਾਂ ਦਿਲ ਵਿਚ ਆਇਆ ਕਿ ਮਨ ਦੀ ਗੱਲ ਪਿਉ ਨੂੰ ਕਹਿ ਦੇਵੇ। ਪਰ ਨਹੀਂ। ਉਹ ਕੁਝ ਵੀ ਨਾ ਕਹਿ ਸਕਿਆ।

ਮਾਂ ਨੇ ਵੀ ਪੁਛਿਆ – "ਪੁੱਤ – ਢਿੱਲਾ ਜਿਹਾ ਲਗਦੈਂ। ਕੀ ਗੱਲ ਆ ?"

ਲਛਮਣ ਥੋੜ੍ਹਾ ਜਿਹਾ ਹੱਸਿਆ ਤੇ ਫੇਰ ਉਦਾਸ ਹੋ ਗਿਆ। ਕਹਿੰਦਾ ਤਾਂ ਕੀ ?

ਰਾਤ ਨੂੰ ਰੋਟੀ ਖਾ ਕੇ ਸਾਰੇ ਆਪਣੇ ਆਪਣੇ ਮੰਜਿਆਂ ਉਤੇ ਚਲੇ ਗਏ। ਲਛਮਣ ਵੀ ਆਪਣੇ ਮੰਜੇ ਉਤੇ ਜਾ ਪਿਆ। ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਦਾ ਧਿਆਨ ਮੁੜ ਮੁੜ ਕੇ ਸਵੇਰ ਦੀਆਂ ਗੱਲਾਂ ਵਲ ਜਾ ਰਿਹਾ ਸੀ ਜੋ ਉਸ ਦੇ ਮਨ ਦਾ ਭਾਰ ਬਣ ਗਈਆਂ ਸਨ। ਮਨ ਦਾ ਭਾਰ ਝੱਲਣਾ ਕਿਹੜਾ ਸੌਖਾ! ਉਸ ਦਾ ਅੰਦਰ ਤਾਂ ਮੱਛੀ ਵਾਂਗ ਤੜਪ ਰਿਹਾ ਸੀ। ਨੀਂਦ ਕਿਥੋਂ ਆਉਂਦੀ ? ਬਸ ਦੇਖਣ ਨੂੰ ਐਵੇਂ ਅੱਖਾਂ ਮੀਚੀ ਪਿਆ ਸੀ। ਉਸ ਦੀ ਮਾਂ ਤੇ ਪਿਉ ਅਜੇ ਜਾਗ ਰਹੇ ਸਨ। ਉਹਨਾਂ ਨੂੰ ਤਾਂ ਚਾਅ ਨਾਲ ਨੀਂਦ ਨਹੀਂ ਸੀ ਆ ਰਹੀ। ਉਹਨਾਂ ਸਮਝਿਆ ਕਿ ਲਛਮਣ ਸੌਂ ਗਿਆ ਹੈ। ਲਖੂ ਬੰਤੀ ਨੂੰ ਕਹਿ ਰਿਹਾ ਸੀ, "ਮੁੰਡਾ ਖੁਸ਼ ਨੀਂ ਲਗਦਾ।"

ਬੰਤੀ ਕਹਿਣ ਲੱਗੀ – "ਮੈਨੂੰ ਵੀ ਮਸੋਸਿਆ ਲਗਦਾ। ਐ ਲਗਦਾ ਜਿਵੇਂ ਪਿੰਡ ਆ ਕੇ ਖ਼ੁਸ਼ ਨੀਂ......।"

ਲਛਮਣ ਸਭ ਕੁਝ ਸੁਣ ਰਿਹਾ ਸੀ। ਪਰ ਘੇਸਲ ਵੱਟ ਕੇ ਲੇਟਿਆ ਰਿਹਾ। ਉਸ ਦੇ ਦਿਲ ਵਿਚ ਆਇਆ ਕਿ ਮਾਂ ਤੇ ਪਿਉ ਨੂੰ ਚੀਕ ਚੀਕ ਕੇ ਆਖੇ – ਹਾਂ — ਉਸ ਨੂੰ ਪਿੰਡ ਚੰਗਾ ਨਹੀਂ ਲਗਦਾ। ਪਿੰਡ ਹਲਕੇ ਕੁੱਤੇ ਅੰਗੂੰ ਵੱਢ ਖਾਣ ਨੂੰ ਪੈਂਦਾ। ਇਸ ਪਿੰਡ ਵਿਚ ਮਰਦੇ ਦਮ ਤਕ ਉਸ ਦੇ ਪਿਉ ਨੇ ਲੱਖੂ ਹੀ ਰਹਿਣਾ। ਉਹ ਆਪ ਵੀ ਉਮਰ ਭਰ ਲੱਛੂ ਤੋਂ ਉਤੇ ਨਹੀਂ ਟੱਪ ਸਕਦਾ। ਪਰ ਨਹੀਂ। ਇਹ ਗੱਲਾਂ ਮਾਂ ਤੇ ਪਿਉ ਨੂੰ ਨਹੀਂ ਸਮਝਾਈਆਂ ਜਾ ਸਕਦੀਆਂ। ਉਹਨਾਂ ਦਾ ਸਿਰ ਤਾਂ ਉਠ ਹੀ ਨਹੀਂ ਸਕਦਾ। ਉਸ ਦੇ ਪਿਉ ਦੇ ਖ਼ੂਨ ਵਿਚ ਤਾਂ ਲਖੂ ਚਮਿਆਰ ਦਾ ਖ਼ੂਨ ਦੌੜ ਰਿਹਾ ਸੀ। ਨਹੀਂ, ਕੁਝ ਨਹੀਂ। ਜੋ ਕੁਝ ਸੋਚ ਕੇ ਆਇਆ ਸੀ ਉਹ ਸਰਾਸਰ ਗਲਤ ਹੈ। ਏਥੇ ਕੁਝ ਵੀ ਨਹੀਂ ਬਦਲਿਆ। ਸਭ ਕੁਝ ਜਿਵੇਂ ਤਿਵੇਂ ਹੈ। ਬਿਜਲੀ ਜ਼ਰੂਰ ਆਈ ਹੈ ਪਰ ਰੋਸ਼ਨੀ ਨਹੀਂ। ਸਭ ਕੁਝ ਉਸੇ ਤਰ੍ਹਾਂ ਹੈ। ਸੋਚਦੇ ਸੋਚਦੇ ਨਾ ਜਾਣੇ ਕਦੋਂ ਉਸ ਦੀ ਅੱਖ ਲਗ ਗਈ।

0 0 0 0 (ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)




# REAL ESTATE

**BUYING, SELLING OR TRADING YOUR PROPERTY — ALWAYS REMEMBER YOUR REALTOR!**

## HARPAL TOOR

Res. 524-9848
Off. 324-3888



ਹਰ ਤਰ੍ਹਾਂ ਦੀ ਜਾਇਦਾਦ ਖ਼ਰੀਦਣ ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ!

T. J. LOVEROCK REALTY
5316 Victoria Dr., Van. B.C.

# ਪ੍ਰੀਤ ਦੇ ਸੱਤ

ਮਹਿੰਦਰ ਮੱਲ੍ਹੀ / ਬਟਾਲਾ

"ਬੇਸ਼ਕ ਅਬ ਮੈਂ ਸਾਰੇ ਫੈਸਲੇ ਕਰਕੇ ਹੀ ਆਰ ਜਾਊਂਗਾ – ਬੀ ਮਸ੍ਰਾਕ ਘਬਰਾਇਆ ਹੋਇਆ ਹੈ ਕਿ ਇਕ ਦਮ ਚੁੱਪ ਛੱਟੀ ਹੋਈ ਹੈ ......"। ਅਮਰ ਆਪੇ ਤੋਂ ਬਾਹਰ ਹੁੰਦਾ ਜਾ ਰਿਹਾ ਸੀ। ਹੱਥਾਂ ਦੀਆਂ ਉਂਗਲਾਂ ਉਹ ਜ਼ੋਰ ਨਾਲ ਦੰਦ ਹੇਠਾਂ ਮਰੋੜ ਰਿਹਾ ਸੀ। ਬਾਰ ਬਾਰ ਨਜ਼ਰ ਉਹਦੀ ਘੜੀ ਤੇ ਜਾ ਟਿਕਦੀ ਪਰ ਛੋਟੀ ਸੂਈ 'ਚ ਅਜੇ ਬੜੀ ਦੇਰ ਸੀ। ਇਕ ਖਿਆਲ ਉਹਨੂੰ ਆਉਂਦਾ ਤੇ ਉਹ ਪਾਗਲ ਜਿਹਾ ਹੋ ਉਠਦਾ।

ਅਮਰ ਦੀ ਸ਼ਾਦੀ ਹੋਇਆਂ ਹਾਲੀ ਤਿੰਨ ਮਹੀਨੇ ਹੀ ਹੋਏ ਸਨ। ਉਸ ਦੀ ਪਤਨੀ ਦੀਪ ਹੱਦੋਂ ਵੱਧ ਸੁੰਦਰੀ ਸੀ, ਜਿਸਮ ਦੀ ਸੁਘੜ ਪਤਲੀ, ਨਸ਼ੀਲੀਆਂ ਜਿਹੀਆਂ ਕਜਲੀ ਅੱਖਾਂ, ਜਿਨ੍ਹਾਂ ਦੀ ਤਾਬ ਅਮਰ ਝੱਲ ਨਾ ਸਕਦਾ।

ਮੁਕਲਾਵੇ ਵਾਲੀ ਰਾਤ ਜਦੋਂ ਅਮਰ ਆਪਣੀ ਦੀਪ ਪਾਸ ਪਹੁੰਚਿਆ, ਤਾਂ ਉਹਦਿਆਂ ਲਬਾਂ ਤੇ ਸਿੱਕਰੀ ਜੰਮੀ ਪਈ ਸੀ, ਚੁੱਪ ਸੀ, ਅੱਖਾਂ ਭਰੀਆਂ ਪਈਆਂ ਸਨ, ਲੇਕਿਨ ਫਿਰ ਵੀ ਉਹ ਮੁਸਕਰਾ ਰਹੀ ਸੀ, ਤੇ ਅੱਜ ਤੱਕ ਉਵੇਂ ਹੀ ਜਾਪ ਸੀ।

ਅਮਰ ਆਉਂਦਾ ਉਹ ਮੁਸਕਰਾਹਟਾਂ ਨਾਲ ਉਸਦਾ ਸਵਾਗਤ ਕਰਦੀ, ਅਮਰ ਦੀਪ ਲਈ ਕਦੇ ਨਾ ਅੱਕਦਾ, ਉਹ ਅੱਖਾਂ ਨੀਵੀਆਂ ਕਰੀ ਅਤੇ ਆਪਣੀਆਂ ਗੁਦਾਜ਼ ਪੋਲੀਆਂ ਜਿਹੀਆਂ ਅਮਰ ਦੀ ਗਰਦਨ ਦੁਆਲੇ ਵਲ ਦਿੰਦੀ। ਪਲੰਘ ਤੇ ਬਿਠਾਉਂਦੀ, ਆਪਣੇ ਹੱਥਾਂ ਨਾਲ ਉਹਦੇ ਪੈਰਾਂ ਚੋਂ ਪਹਿਲਾਂ ਬੂਟ ਉਤਾਰਦੀ, ਤੇ ਫਿਰ ਜੁਰਾਬਾਂ, ਪੈਰ ਘੁੱਟਦੀ। ਗਰਮ ਗਰਮ ਕੌਫੀ ਅਮਰ ਦਿਆਂ ਹੱਥਾਂ 'ਚ ਫੜਾਉਂਦੀ, ਪਰ ਮੂੰਹੋਂ ਇਕ ਵੀ ਸ਼ਬਦ ਨਾ ਬੋਲਦੀ। ਖਾਣੇ ਵਾਲੀ ਮੇਜ਼ ਤੇ ਖਾਣਾ ਲਾਉਂਦੀ, ਅਮਰ ਨੂੰ ਖੁਆਉਂਦੀ, ਆਪ ਖਾਂਦੀ, ਫਿਰ ਬਿਸਤਰਾ ਵਿਛਾਉਂਦੀ, ਆਪਣੀਆਂ ਉਂਗਲਾਂ ਨਾਲ ਉਹਦੇ ਵਾਲ ਸਹਿਲਾਉਂਦੀ, ਉਹ ਸੌਂ ਜਾਂਦਾ, ਪਰ ਦੀਪ ਕਦੀ ਉਹਦੇ ਸਿਰਹਾਣੇ, ਕਦੇ ਪੈਰਾਂ ਵੱਲ ਬੈਠੀ ਰਹਿੰਦੀ, ਅਤੇ ਕਦੀ ਕਦੀ ਅਮਰ ਦਿਆਂ ਪੈਰਾਂ ਤੇ ਅਤੇ ਕਦੀ ਸਿਰ ਹੇਠ ਸਿਰ ਰੱਖ ਕੇ ਸੌਂ ਜਾਂਦੀ। ਅਮਰ ਦੀ ਅੱਖ ਜਦੋਂ ਖੁੱਲ੍ਹਦੀ ਤਾਂ ਉਹ ਦੀਪ ਨੂੰ ਉਠਾ ਕੇ ਨਾਲ ਵਾਲੇ ਬਿਸਤਰੇ ਤੇ ਲਿਟਾਉਂਦਾ।

ਅਮਰ ਦੀਪ ਨੂੰ ਬਹੁਤ ਪਿਆਰ ਕਰਦਾ ਸੀ। ਪਰ ਅਮਰ ਨੂੰ ਇਕ ਗੱਲ ਚੁੱਭਦੀ ਸੀ ਕਿ "ਆਖਰ ਦੀਪ ਏਨੀ ਚੁੱਪ ਕਿਉਂ ਹੈ।" ਅੱਜ ਇਸ ਖਿਆਲ ਨੇ ਅਮਰ ਨੂੰ ਤੰਗ ਕਰ ਦਿੱਤਾ ਸੀ। ਮਿੱਠੀ ਮਿੱਠੀ ਠੰਡ ਸੀ ਤੇ ਉਹਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਸਨ। ਉਹ ਆਪੇ ਤੋਂ ਬਾਹਰ ਹੋ ਗਿਆ। ਅੱਜ ਉਹਨੇ ਦੀਪ ਨੂੰ ਜਿਹਨੂੰ ਉਹ ਹੱਦੋਂ ਵੱਧ ਪਿਆਰ ਕਰਦਾ ਸੀ, ਤਲਾਕ ਦੇਣ ਦਾ ਫੈਸਲਾ ਕਰ ਲਿਆ। ਜਾਣ ਲਗੇ ਉਹਨੂੰ ਛੁੱਟੀ ਹੋਈ। ਦਫ਼ਤਰ ਦੇ ਕਾਗਜ਼ ਉਲਟ ਪੁਲਟ ਉਸ ਸੰਭਾਲੇ, ਸਕੂਟਰ ਸਟਾਰਟ ਕੀਤਾ। ਘਰ ਦੇ ਮੇਨ ਗੇਟ ਵਿਚੋਂ ਅੰਦਰ ਲੰਘ ਗਿਆ। ਦੀਪ ਨੇ ਅੱਖਾਂ ਹੀ ਅੱਖਾਂ ਵਿਚ ਅਮਰ ਦਾ ਸਵਾਗਤ ਕੀਤਾ, ਪਰ ਮੂੰਹੋਂ ਕੁਝ ਨਾ ਬੋਲੀ, ਕੋਲ ਹੀ ਖੜ੍ਹੀ ਦੀਪ ਨੇ ਉਹਦੇ ਕਪੜੇ ਉਤਾਰਨ ਵਿਚ ਮਦਦ ਕੀਤੀ, ਉਹਦੇ ਪੈਰਾਂ ਵਿਚੋਂ ਬੂਟ ਉਤਾਰੇ, ਕੌਫੀ ਪਿਲਾਈ, ਫੇਰ ਜਦੋਂ ਉਹ ਰਸੋਈ ਵੱਲ ਜਾਣ ਲੱਗੀ ਤਾਂ ਅਮਰ ਨੇ ਬੜੀ ਬੇਰੁੱਖੀ ਜਿਹੀ ਆਵਾਜ਼ ਵਿਚ ਉਹਨੂੰ ਵਾਜ ਮਾਰੀ, ਉਹ ਪਿਛਾਂਹ ਪਰਤ ਆਈ, "ਜੀ", ਕਹਿੰਦਿਆਂ ਉਹ ਅਮਰ ਦੀ ਪਿੱਠ ਪਿੱਛੇ ਖੜ੍ਹੀ ਹੋ ਗਈ। ਅਮਰ ਨੇ ਉਹਦੀ ਬਾਂਹ ਫੜ ਕੇ ਉਹਨੂੰ ਆਪਣੇ ਸਾਹਮਣੇ ਵਾਲੇ ਸੋਫੇ ਤੇ ਬਿਠਾ ਲਿਆ। ਫੇਰ ਉਸ ਆਪਣੇ ਆਪ ਨੂੰ ਤਿਆਰ ਕੀਤਾ ਕਿ ਉਹ ਦੀਪ ਤੋਂ ਉਹਦੀ ਚੁੱਪ ਦਾ ਕਾਰਨ ਪੁੱਛ ਸਕੇ, ਉਹ ਹੋਸ਼ ਨਾਲ ਸੋਚੀ ਤਕੂੰ ਬੋਲ ਗਿਆ ਤੇ ਉਸ ਕਹਿਣਾ ਸ਼ੁਰੂ ਕੀਤਾ

"ਦੀਪ" ਉਸ ਸ਼ੁਰੂ ਸਾਰ ਭਰਿਆ, "ਜੀ" ਦੀਪ ਉਹਦਿਆਂ ਗੋਡਿਆਂ ਤੇ ਸਿਰ ਰਖ ਕੇ ਉਹਦੇ ਪੈਰਾਂ 'ਚ ਬਹਿ ਗਈ। ਅਮਰ ਬੋਲ ਪਿਆ —

"ਦੀਪ, ਤੂੰ ਏਨੀ ਚੁੱਪ ਕਿਉਂ ਰਹੀ ਹੋਈ ਏ? ਆਖਰ ਗੱਲ ਕੀ ਹੈ?"

"....ਜੀ.... ਜੀ... ਜੀ ਕੁੱਝ ਨਹੀਂ ...." ਦੀਪ ਨੇ ਬੜੀ ਆਜਿਜ਼ ਹੋ ਕੇ ਕਿਹਾ।

"ਦੀਪ, 'ਜੀ ਕੁੱਝ ਨਹੀਂ', ਨਹੀਂ, ਬਹੁਤ ਕੁੱਝ ਹੈ" ਅਮਰ ਦੀ ਆਵਾਜ਼ ਉੱਚੀ ਹੋ ਗਈ।

"ਇਹ ਤੁਹਾਡਾ ਵਹਿਮ ਹੈ" ਦੀਪ ਨੇ ਉਵੇਂ ਨੀਵੀਂ ਪਾਈ ਰਖੀ।

ਵਹਿਮ? ਦੀਪ, ਛਡ ਬਹੁਤੀ ਦੇਰ ਤੂੰ ਮੈਨੂੰ ਬਣਾ ਨਹੀਂ ਸਕੇਂਗੀ। ਦਸ ਤੂੰ ਏਨੀ ਚੁੱਪ ਕਿਉਂ ਰਹੀ ਹੋਈ ਏ? ਕੌਣ ਹੈ ਉਹ, ਜੀਹਦੇ ਲਈ ਤੂੰ ਇਹ ਨਕਾਬ ਤੇ ਨਕਾਬ ਦੇ ਅੰਦਰ ਸੰਤਾਪ ਦੇ ਸੱਪ ਹੋਏ ਨੇ?"

ਅਮਰ ਸੋਫੇ ਤੋਂ ਖੜਾ ਹੋ ਗਿਆ – ਦੀਪ ਘਬਰਾ ਗਈ ਉਹ ਵੀ ਅਮਰ ਦੀ ਪਿੱਠ ਪਿੱਛੇ ਸਹਿਮੀ ਹੋਈ ਜਾ ਖੜੀ ਹੋਈ। ਅਮਰ ਨੇ ਪਿੱਛੇ ਮੁੜ ਕੇ ਵੇਖਿਆ – ਉਹਨੇ ਜ਼ੋਰ ਦੀ ਡੌਲਿਆਂ ਤੋਂ ਫੜ ਕੇ ਦੀਪ ਨੂੰ ਝੰਜੋੜ ਦਿੱਤਾ – "ਦੀਪ ਅਜ ਮੈਨੂੰ ਦਸਣਾ ਪਏਗਾ ਕਿ ਮੇਰੇ ਤੋਂ ਬਿਨਾਂ ਦੂਸਰਾ ਕਿਹੜਾ ਨਜ਼ਦੀਕ ਹੈ।"

ਦੀਪ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

"ਮੈਂ ਤੈਨੂੰ ਤਲਾਕ ਦੇ ਦਿਆਂਗਾ – ਫਿਰ ਤੂੰ ਮੇਰੇ ਘਰ ਨਹੀਂ ਰਹਿ ਸਕੇਂਗੀ। ਜਾਹ ਉਹਦੇ ਕੋਲ ਜੀਹਨੂੰ ਤੂੰ ਚਾਹੁੰਦੀ ਏਂ, ਇਸੇ – ਪਰ, ਜਾਂਦੀ ਹੋਈ ਇਕ ਵਾਰ, ਇਹ ਜ਼ਰੂਰ ਦਸ ਜਾਈਂ ਕਿ ਉਹ ਖੁਸ਼-ਨਸੀਬ ਕੌਣ ਹੈ...." ਏਨਾ ਕਹਿੰਦਿਆਂ ਉਸ ਦੀਪ ਨੂੰ ਝੰਜੋੜ ਸੁਟਿਆ। ਉਹਦੀਆਂ ਗੱਲਾਂ ਤੇ ਪਾਗਲਾਂ ਵਾਂਗ ਥੱਪੜ ਮਾਰਨੇ ਸ਼ੁਰੂ ਕਰ ਦਿੱਤੇ। ਦੀਪ ਰੁਕਦੀ ਰੁਕਦੀ ਬੋਲੀ ਰਹੀ ਤੇ ਮਸਾਂ ਉਹ ਏਨਾ ਹੀ ਕਹਿ ਸਕੀ "ਜੀ .... ਜੀ... ਤੁਸਾਂ ਤੋਂ ਬਿਨਾਂ ... ਮੈਂ .... ਕਿਸੇ ... ਤੋਂ ਬਿਨਾਂ ... ਮੈਂ ... ਕਿਸੇ ਨੂੰ .... ਪਿਆਰ ਨਹੀਂ ਕੀਤਾ। ਨਾ ਕਰਦੀ ਹਾਂ .... ਤੇ ਨਾ ਹੀ ... ਕਰ ਸਕਾਂਗੀ ... ਰੱਬ ਦੀ ਸਹੁੰ ... ਤੁਹਾਡੇ ਤੋਂ ਬਿਨਾਂ ਅਮਰ ਦੇ

ਦੀਪ ਦਾ ਵਿਕਣਾ ਦੀ ਪ੍ਰਸ਼ਨ ਨਾ ਛੇੜ ਦਿੱਤਾ -- ਕਰਕਰੀ ਆਵਾਜ਼ ਵਿਚ ਉਸ ਕਿਹਾ, ਤੇ ਵਿਚ ਵਿਚ ਨਾਟਕ ਸੀ ਦੇ ?"

"ਦੀਪ ਬੋਲੀ ਭੋਲੀ ਵਿਚ ਸਭ ਕੁੱਝ ਦੇਖ ਸੁਣ ਰਹੀ ਸੀ। ਸਮਝ ਉਸ ਨੂੰ ਕੁੱਝ ਨਹੀਂ ਸੀ ਆ ਰਿਹਾ - ਇਕ ਡੂੰਘੀ ਚੁੱਪ ਤੋਂ ਬਾਅਦ ਦੀਪ ਦੇ ਨਜ਼ਰਾਂ ਜ਼ਮੀਨ ਤੋਂ ਉਠੀਆਂ ਕੀਤੀਆਂ ਉਤੇ ਸੈਤਲ ਹੋਈ ਸੀ।

ਆਪਣੀਆਂ ਅੱਖਾਂ ਉਸ ਉਂਗਲਾਂ ਦੇ ਪੋਟਿਆਂ ਨਾਲ ਪੂੰਝੀਆਂ - ਹੌਸਲਾ ਕਰਕੇ ਡੋਲਦਿਆਂ ਬੁੱਲ੍ਹਾਂ ਨਾਲ ਉਹ ਕਹਿਣ ਲੱਗੀ "ਅਮਰ, ਮੈਂ ਦਸਣੀਆਂ ਆਪਣੀ ਚੁੱਪ ਬਾਰੇ - ਕਿਉਂ ਏਨੀ ਚੁੱਪ ਹਾਂ ....."

"ਹਾਂ ਦੀਪ ਦਸ ਦਿਓ ਜੀ ਮੈਂ ਸੁਣਨਾ ਲੋਚਦਾ" ਅਮਰ ਦੇ ਅੱਖਾਂ ਉਠ ਕਰਕੇ ਇਸ਼ਾਰੇ ਨਾਲ ਕਿਹਾ।

"ਲਓ ਸੁਣੋ ਫਿਰ (ਅਮਰ - ( ਇਕ ਖ਼ਾਮੋਸ਼ ਪਲ )

"ਸੁਹਾਗ ਰਾਤ ਸੀ ਰਾਤ — ਜਦੋਂ ਤੁਸੀਂ ਮੈਨੂੰ ਸੁਹਾਗ ਸੇਜ ਤੇ ਬਿਠਾ ਆਪਣੇ ਦੋਸਤਾਂ ਨਾਲ ਬਾਹਰ ਚਲੇ ਗਏ ਸੀ, ਕੱਲਿਆਂ ਬੈਠੀ, ਮੈਂ ਬੋਰ ਮਹਿਸੂਸ ਕਰ ਰਹੀ ਸੀ। ਇੱਕਲ ਦੂਰ ਕਰਨ ਲਈ ਮੈਂ ਤੁਹਾਡੀਆਂ ਕਿਤਾਬਾਂ ਦੇਖਣ ਲਗ ਪਈ।"

ਅਮਰ ਇਕਟਿਕੀ ਲਗਾਈ, ਦੀਪ ਦਿਆਂ ਬੁੱਲ੍ਹਾਂ ਵੱਲ ਤੱਕਦਾ ਰਿਹਾ— ਦੀਪ ਨੇ ਆਪਣੀ ਗੱਲ ਜਾਰੀ ਰੱਖੀ"... ਮੈਂ ਤੁਹਾਡੀਆਂ ਤਸਵੀਰਾਂ ਦੇਖਦੀ ਰਹੀ, ਤੁਹਾਡੀਆਂ ਕਵਿਤਾਵਾਂ ਪੜ੍ਹਦੀ ਰਹੀ, ਅਧੀਰ ਪ੍ਰੀਤ ਦੇ ਖੰਡ ਅਤੇ ਉਹਦੀ ਤਸਵੀਰ ਮੈਂ ਤੱਕੀ - ... ਦੀਪ ਨੇ ਅਮਰ ਵੱਲ ਤੱਕਿਆ।

ਅਮਰ ਨੇ ਨੀਵੀਂ ਪਾ ਲਈ, ਧਰਤੀ ਦੀ ਹਿੱਕ ਤੇ ਦੀਪ ਦਾ ਫੈਸਲਾ ਹਰ ਸਫ਼ਾ ਹੋ ਗਿਆ ਸੀ, ਪਰ ਇਕ ਵੀ ਲਫ਼ਜ਼ ਉਹਦੇ ਮੂੰਹੋਂ ਨਿਕਲ ਨਾ ਸਕਿਆ। ● ● ●


ਹਿੰਦੁਸਤਾਨੀ ਸੰਗੀਤ ਦੇ ਪ੍ਰਸਿਧ ਅਧਿਆਪਕ
ਸ੍ਰੀ ਧਰਮਧੀਰ ਸਿੰਘ ਤੇਜੂ
ਵੱਲੋਂ
ਵੈਨਕੂਵਰ ਵਿਚ ਸੰਗੀਤ ਕਲਾਸਾਂ
ਪਤਾ: # 1-45 ਰਿਗਜ਼ਵੇ



ਭਾਜੜ ਦੀ ਜ਼ਿੰਦਗੀ ਨੂੰ ਸਿਰਫ਼ ਸੰਗੀਤ ਦੀ ਕੋਮਲ ਛੋਹ ਹੀ ਵਿਸ਼ਰਾਮ ਦੇ ਸਕਦੀ ਹੈ। ਕੁਝ ਪਲ ਆਪਣੇ ਲਈ ਵੀ ਬਚਾਓ; ਸੰਗੀਤ ਦੀਆਂ ਮਧੁਰ ਲਹਿਰਾਂ ਵਿਚ ਉਤਰ ਕੇ ਤਾਂ ਵੇਖੋ ਜ਼ਰਾ। ਆਪਣੇ ਬੱਚਿਆਂ ਨੂੰ ਭਾਰਤੀ ਸੰਸਕ੍ਰਿਤੀ ਨਾਲ ਜੋੜਨ ਲਈ ਉਨ੍ਹਾਂ ਨੂੰ ਹਿੰਦੁਸਤਾਨੀ ਸੰਗੀਤ ਨਾਲ ਪਰੀਚਤ ਕਰਾਓ।

ਆਓ ਕਲਾਸਾਂ ਜਾਰੀ ਹਨ
ਕਲਾਸੀਕਲ ਤੇ ਲਾਈਟ ਕਲਾਸੀਕਲ ਗਾਣਾ, ਸਿਤਾਰ ਤਬਲਾ ਅਤੇ ਹਾਰਮੋਨੀਅਮ ਦੀ ਸਿਖਲਾਈ ਹਾਸਲ ਕਰੋ।
ਹੋਰ ਜਾਣਕਾਰੀ ਲਈ ਫੋਨ ਕਰੋ— 872-3210
ਜਾਂ 324-5671

**PAUL'S PLUMBING & ELECTRICAL SUPPLY**

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES





ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਉਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਾਡੇ ਕੋਲ ਆਏ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver ● 872-3118
Open Sunday — Parking at rear.

**GOYAL TRAVEL**

4152 Fraser St.
Vancouver, B.C.
Tel: [604] 872-7658

*WE OFFER THE CHEAPEST FARES TO*

. India . Pakistan .
. Nairobi . Dareselam .

*SPECIAL FARES FROM SEATTLE TO LONDON—*
*One way or Return*
4 Offices in India to serve you:

. New Delhi . Jullundur .
. Moga Jagroan .

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-8448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਪਾਕਿਸਤਾਨ: ਫ਼ੌਜੀ ਰਾਜ ਦੀ ਘਾਤਕ ਦਾਸਤਾਨ

ਕਰਨੈਲ ਸਿੰਘ

ਸਰਹੱਦੋਂ ਪਾਰ ਪੰਜਾਬੀ ਜ਼ਬਾਨ ਦੇ ਮਹਿਬੂਬ ਸ਼ਾਇਰ, ਨਾਵਲਕਾਰ ਤੇ ਪਿਛਲੀ ਸੈਨੇਟ ਦੇ ਮੈਂਬਰ ਫ਼ਖ਼ਰ ਜ਼ਮਾਨ ਨੂੰ ਫ਼ੌਜੀ ਸਰਕਾਰ ਨੇ ਕੋਈ ਛੇ ਮਹੀਨੇ ਦੀ ਨਜ਼ਰਬੰਦੀ ਤੋਂ ਬਾਅਦ ਰਿਹਾ ਕੀਤਾ ਹੈ। ਏਸੇ ਦੁਰਾਨ ਉਸ ਨੂੰ ਇਕ ਝੂਠੇ ਕੇਸ ਦੀ ਵਲਗਣ ਵਿਚ ਵਲਕੇ ਲਾਹੌਰ ਤੇ ਸਾਹੀਵਾਲ ਦੀਆਂ ਜੇਲ੍ਹਾਂ ਵਿਚ ਰੋਲਿਆ ਗਿਆ ਹੈ।

ਪੰਜਾਬੀ ਜ਼ਬਾਨ ਦੇ ਇਕ ਹੋਰ ਸਾਇਰ, ਪਾਕਿਸਤਾਨ ਮਜ਼ਦੂਰ ਕਿਸਾਨ ਪਾਰਟੀ ਦੇ ਉੱਘੇ ਕਾਰਕੁਨ ਤੇ 'ਪੈਟਰੀਆਟਿਕ ਲਾਈਅਰਜ਼ ਐਸੋਸੀਏਸ਼ਨ' ਦੇ (ਦੇਸ਼-ਭਗਤ ਵਕੀਲ ਜਥੇਬੰਦੀ) ਦੇ ਜਨਰਲ ਸਕੱਤਰ ਸਲੀਮ ਜਹਾਂਗੀਰ ਦੇ ਕਈ ਮਹੀਨਿਆਂ ਤੋਂ ਗ੍ਰਿਫ਼ਤਾਰੀ-ਵਾਰੰਟ ਨਿਕਲੇ ਹੋਏ ਹਨ। ਫ਼ੌਜੀ ਜੁੰਡਲੀ ਉਸਦੀ ਬੀਵੀ ਤੇ ਬੱਚਿਆਂ ਨੂੰ ਕਈ ਵਾਰ ਪੁਲੀਸ ਥਾਣੇ ਲਿਜਾ ਚੁਕੀ ਹੈ। ਉਸਦੀ ਬੀਵੀ ਤੇ ਬੱਚਿਆਂ ਨੂੰ ਨਿਸ ਦਿਨ ਡਰਾਇਆ ਧਮਕਾਇਆ ਜਾ ਰਿਹਾ ਹੈ।

ਲਾਹੌਰ ਹਾਈ ਕੋਰਟ ਦੀ ਤਾੜਨਾ ਦੇ ਬਾਵਜੂਦ ਵੀ ਪੁਲੀਸ ਤੇ ਫ਼ੌਜ ਆਪਣੀ ਬੇਸ਼ਰਮੀ ਉਤੇ ਬਜ਼ਿੱਦ ਹੈ। ਫ਼ੌਜ ਨੂੰ ਪਤਾ ਹੈ ਕਿ ਲਾਹੌਰ ਹਾਈ ਕੋਰਟ ਉਹੋ ਹਾਈ ਕੋਰਟ ਹੈ ਜੋ ਭੁੱਟੋ ਨੂੰ ਫਾਂਸੀ ਦੇਣ ਲਈ ਜਨਰਲ ਜ਼ਿਆ ਦੀਆਂ ਸੈਨਤਾਂ ਉਤੇ ਬਾਂਦਰ-ਨਾਚ ਨੱਚਦੀ ਰਹੀ ਹੈ ਤੇ ਇਉਂ ਭੁੱਟੋ ਦੇ ਕਤਲ ਵਿਚ ਫ਼ੌਜ ਦੀ ਭਾਈਵਾਲ ਹੈ।

ਉਪਰੋਕਤ ਦੋਵਾਂ ਮਿਸਾਲਾਂ ਤੋਂ ਇਹ ਅੰਦਾਜ਼ਾ ਨਹੀਂ ਲਾ ਲੈਣਾ ਚਾਹੀਦਾ ਕਿ ਫ਼ੌਜੀ ਰਾਜ ਵਾਲੇ ਪਾਕਿਸਤਾਨ ਵਿਚ ਵਿਰਲੇ ਟਾਂਵੇਂ ਲੋਕ ਹੀ ਫ਼ੌਜੀ ਦਹਿਸ਼ਤ ਤੇ ਨਜ਼ਰ-ਬੰਦੀ ਦਾ ਸ਼ਿਕਾਰ ਹਨ। ਪਾਕਿਸਤਾਨ ਦੀ ਜੇਲ੍ਹਾਂ ਵਿਚ ਬੰਦੀਵਾਨਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਫ਼ੌਜੀ ਜੁੰਡਲੀ ਨਿਸ-ਦਿਨ ਆਪਣੀ ਦਹਿਸ਼ਤ ਦੀਆਂ ਨੁਮਾਇਸ਼ਾਂ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਲਾਉਂਦੀ ਹੈ। ਇਹਨਾਂ ਨੁਮਾਇਸ਼ਾਂ ਵਿਚ ਰਾਜਨੀਤਕ ਚੇਤਨਤਾ ਰਖਣ ਵਾਲੇ ਬੇ-ਗੁਨਾਹ ਲੋਕਾਂ ਉੱਪਰ ਉਹ ਜ਼ੁਲਮ ਢਾਏ ਜਾਂਦੇ ਹਨ ਜਿਹਨਾਂ ਨੂੰ ਵੇਖਕੇ ਸ਼ਾਇਦ ਨੀਰੋ ਵੀ ਸ਼ਰਮਸਾਰ ਹੋਵੇ। ਬੈਂਤਾਂ ਤੇ ਕੋਰੜਿਆਂ ਦੀ ਮਾਰ ਨਾਲ ਲਹੂ-ਲੁਹਾਣ ਪਿੰਡਿਆਂ ਸਮੇਤ ਨੀਮ-ਮੋਏ ਬੇਗੁਨਾਹਾਂ ਨੂੰ ਸਟਰੇਚੱਰ ਉਤੇ ਸੁੱਟ ਫ਼ੌਜ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਜਾ ਡੱਕਦੀ ਹੈ। ਇਹਨਾਂ ਕਾਲ-ਕੋਠੜੀਆਂ ਵਿਚ ਕਿੰਨੇ ਕੁ ਸਿਆਸੀ ਵਿਰੋਧੀ ਹਸਨ ਨਾਸਰ ਵਾਂਗ ਸ਼ਹੀਦ ਕੀਤੇ ਜਾਣਗੇ, ਇਸਦਾ ਪਤਾ ਤਾਂ ਫ਼ੌਜੀ ਜੁੰਡਲੀ ਦੇ ਰਾਜ-ਖ਼ਾਤਮੇ ਪਿਛੋਂ ਹੀ ਲਗੇਗਾ।

ਏਸ ਵੇਲੇ ਪਾਕਿਸਤਾਨ ਦੀ ਫ਼ੌਜੀ ਜੁੰਡਲੀ ਆਪਣੀ ਸਾਰੀ ਵਹਿਸ਼ਤ ਇਕੋ ਦਾਅ ਉਤੇ ਲਾਈ ਹੋਈ ਹੈ। ਇਸਦਾ ਇੱਕੋ ਇਕ ਟੀਚਾ ਪਾਕਿਸਤਾਨ ਦੀ ਸਮੁੱਚੀ ਵੱਸੋਂ ਨੂੰ ਚਾਹੇ ਉਸ ਵਿਚ ਕਿੰਨੀ ਵੀ ਪਰਕਾਰ ਦੀਆਂ ਰਾਜਨੀਤਕ ਪਾਰਟੀਆਂ ਹੋਣ ਬੰਦੀਵਾਨ ਬਣਾਉਣਾ ਹੈ। ਫ਼ੌਜੀ ਹਾਕਮਾਂ ਦਾ ਟੀਚਾ ਤੀਹਰਾ ਹੈ: ਸਰੀਰਕ ਕੈਦ ਦੇ ਨਾਲ ਨਾਲ ਫ਼ੌਜੀ ਜੁੰਡਲੀ ਲੋਕਾਂ ਦੇ ਦਿਮਾਗ਼ ਅਤੇ ਜ਼ਬਾਨ ਨੂੰ ਵੀ ਕੈਦ ਕਰਨਾ ਚਾਹੁੰਦੀ ਹੈ। ਇਉਂ ਸਰੀਰ ਦਿਮਾਗ਼ ਤੇ ਜ਼ਬਾਨ ਦੀ ਬੰਦੀ ਲਈ ਫ਼ੌਜ ਨੂੰ ਕੋਰੜਿਆਂ ਦੀ ਨੁਮਾਇਸ਼ੀ ਸਜ਼ਾ ਤੋਂ ਵਧੀਆ ਹੋਰ ਕੋਈ ਹਥਿਆਰ ਨਹੀਂ ਸੀ ਲਭ ਸਕਦਾ।

ਇਸ ਸ਼ਰਮਨਾਕ ਤੇ ਮੱਧ-ਕਾਲ ਦੀ ਸਜ਼ਾ ਨੂੰ ਜਾਇਜ਼ ਠਹਿਰਾਉਣ ਲਈ ਜਨਰਲ ਜ਼ਿਆ ਨੇ ਆਪਣੇ ਮੱਧ-ਕਾਲੀਨ ਦਿਮਾਗ਼ ਨੂੰ ਬੜੀ ਹੁਸ਼ਿਆਰੀ ਨਾਲ ਵਰਤਿਆ ਹੈ, ਤੇ ਇਸ ਸਾਜ਼ਸ਼-ਨੁਮਾ ਸਜ਼ਾ ਦਾ ਖ਼ੁਦ ਹੀ ਇਸਲਾਮੀ-ਕਰਨ ਕਰਕੇ ਇਸ ਨੂੰ ਇਸਲਾਮ ਤੇ ਕੁਰਾਨ ਨਾਲ ਜੋੜ ਲਿਆ ਹੈ। ਇਹ ਦਹਿਸ਼ਤ-ਨੁਮਾਇਸ਼ ਅਸਲ ਵਿਚ ਕੁਰਾਨ ਤੇ ਇਸਲਾਮ ਦੀ ਸੱਭ ਤੋਂ ਵੱਡੀ ਤੌਹੀਨ ਹੈ।

ਜਮਾਤ-ਇ-ਇਸਲਾਮੀ, ਜਮਾਤ-ਇ-ਉਲਮਾ-ਇ ਪਾਕਿਸਤਾਨ ਤੇ ਅਸਗ਼ਰ ਖ਼ਾਂ ਦੀ ਤਹਿਰੀਕ-ਇ-ਇਸਤਕਲਾਲ ਆਦਿ ਪਾਰਟੀਆਂ ਫ਼ੌਜੀ ਤਸ਼ੱਦਦ ਦੀ ਲਪੇਟ ਵਿਚ ਨਹੀਂ ਆਈਆਂ। ਇਸਦਾ ਕਾਰਨ ਇਹ ਹੈ ਕਿ ਲਾਹੌਰ ਹਾਈ ਕੋਰਟ ਦੇ ਨਾਲ ਨਾਲ ਇਹ ਸਾਰੀਆਂ ਪਾਰਟੀਆਂ ਭੁੱਟੋ ਦੇ ਫ਼ੌਜੀ ਕਤਲ ਵਿਚ ਫ਼ੌਜੀ ਹਾਕਮਾਂ ਦੀਆਂ ਭਾਈਵਾਲ ਹਨ।

ਭੁੱਟੋ ਦੇ ਕਤਲ ਵਿਚ ਭਾਈਵਾਲ ਹੋਣ ਕਾਰਨ ਪਾਕਿਸਤਾਨ ਦੇ ਜਮਾਤ-ਇ-ਇਸਲਾਮੀ ਮੁਲਾਂ-ਮੁਲਾਣੇ ਜਨਰਲ ਜ਼ਿਆ ਦੀ ਦਹਿਸ਼ਤ-ਨੁਮਾਇਸ਼ ਨੂੰ ਵੀ ਵੰਗਾਰਕੇ ਗ਼ੈਰ-ਇਸਲਾਮੀ ਨਹੀਂ ਕਹਿ ਸਕੇ। ਇਸ ਦੰਭ ਕਾਰਨ ਜਮਾਤ-ਇ-ਇਸਲਾਮੀ ਦੇ ਮੁਲਾਣੇ ਪਾਕਿਸਤਾਨ ਦੇ ਅਵਾਮ ਦੀਆਂ ਨਜ਼ਰਾਂ ਵਿਚ ਆਪਣਾ ਸਾਰਾ ਵੱਕਾਰ ਗੁਆ ਬੈਠੇ ਹਨ।

ਪਾਕਿਸਤਾਨ ਵਿਚ ਫ਼ੌਜ ਦਾ ਸਿਆਸੀ ਰੋਲ ਲਗ ਭਗ ਪਾਕਿਸਤਾਨ ਦੀ ਹੋਂਦ ਜਿੰਨਾਂ ਹੀ ਪੁਰਾਣਾ ਹੈ। ਪਾਕਿਸਤਾਨ ਦੇ ਜਨਮ ਤੋਂ ਛੇਤੀ ਹੀ ਪਿਛੋਂ ਇਸਦੇ ਪਹਿਲੇ ਪ੍ਰਧਾਨ ਮੰਤ੍ਰੀ ਲਿਆਕਤ ਅਲੀ ਖ਼ਾਂ ਦਾ ਸਿਆਸੀ ਕਤਲ ਇਸ ਪਾਸੇ ਪਹਿਲਾ ਕਦਮ ਸੀ। ਮੀਆਂ ਮੁਮਤਾਜ਼ ਦੌਲਤਾਨਾ ਤੇ ਕਈ ਹੋਰ ਪੰਜਾਬੀਆਂ ਦਾ ਇਸ ਵਿਚ ਸਿੱਧਾ ਹੱਥ ਹੋਣ ਦੇ ਬਾਵਜੂਦ ਵੀ ਇਸ ਦੀ ਨਿਰਪੱਖ ਤਫ਼ਤੀਸ਼ ਨਾ ਹੋ ਸਕੀ ਤੇ ਅਸਲੀ ਦੋਸ਼ੀ ਸਜ਼ਾ ਤੋਂ ਸਾਫ਼ ਬੱਚ ਗਏ। ਇਹ ਪਾਕਿਸਤਾਨ ਅੰਦਰ ਪੰਜਾਬੀਆਂ ਉਪਰਲੇ ਤਬਕੇ ਦੀ ਗ਼ੈਰ-ਪੰਜਾਬੀਆਂ ਵਿਰੁੱਧ ਪਹਿਲੀ ਸਿਆਸੀ ਸਾਜ਼ਸ਼ ਸੀ।

ਲਿਆਕਤ ਅਲੀ ਦੇ ਸਿਆਸੀ ਕਤਲ ਨੇ ਪਾਕਿਸਤਾਨ ਵਿਚ ਇਸਦੀ ਖੰਡਤਾ ਦੇ ਬੀਜ ਬੋ ਦਿਤੇ ਤੇ ਕੌਮੀ ਘੱਟ-ਗਿਣਤੀਆਂ ਵਿਚ ਪੰਜਾਬੀਆਂ ਦੇ ਵਿਸ਼ਵਾਸ-ਘਾਤ ਵਿਰੁੱਧ ਉਹ ਨਫ਼ਰਤ ਪੈਦਾ ਕੀਤੀ, ਜਿਸ ਨਫ਼ਰਤ ਨੇ ਬਾਅਦ ਵਿਚ ਬੰਗਲਾ ਦੇਸ ਨੂੰ ਜਨਮ ਦਿਤਾ।

ਪਿਛਲੇ ਤਿੰਨ ਦਹਾਕਿਆਂ ਵਿਚ ਪਾਕਿਸਤਾਨ ਅੰਦਰ ਫ਼ੌਜ ਦੇ ਰੋਲ ਵਲ ਝਾਤੀ ਮਾਰਿਆਂ ਅਸ ਜੋ ਗਲ ਭਲੀ-ਭਾਂਤ ਸਿੱਧ ਹੁੰਦੀ ਹੈ ਉਹ ਇਹ ਹੈ ਕਿ ਇਸਦਾ ਜਨਮ-ਦਾਤਾ ਜਿਨ੍ਹਾਹ ਜੇ ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਕਾਫ਼ੀ ਦੇਰ ਬਾਅਦ ਤਕ ਜਿਊਂਦਾ ਰਹਿੰਦਾ ਤਾਂ ਸ਼ਾਇਦ ਫ਼ੌਜੀ ਹਾਕਮ ਉਸਨੂੰ ਵੀ ਕਿਸੇ ਢੰਗ ਮਾਰ ਦੇਂਦੇ। ਏਥੇ ਇਹ ਗਲ ਵੀ ਯਾਦ ਰਖਣੀ ਚਾਹੀਦੀ ਹੈ ਕਿ ਜਿਨਾਹ ਗ਼ੈਰ-ਪੰਜਾਬੀ ਸੀ ਤੇ ਪਾਕਿਸਤਾਨ ਬਣਨ ਤਕ ਵੀ ਪੰਜਾਬੀਆਂ ਵਿਚ ਮਕਬੂਲ ਨਹੀਂ ਸੀ। ਲਿਆਕਤ ਅਲੀ ਉਤੇ ਜਿਹੜੀ ਗੋਲੀ ਦਾਗ਼ੀ ਗਈ ਸੀ, ਉਸਦੀ ਬੁਨਿਆਦੀ ਸਿੱਸ਼ਤ ਗ਼ੈਰ-ਪੰਜਾਬੀ ਲਿਆਕਤ ਅਲੀ ਵਲ ਸੀ ਜੋ ਪਾਕਿਸਤਾਨ ਬਣਨ ਕਾਰਨ ਤੇ ਵਸੋਂ ਦੀ ਤਬਦੀਲੀ ਕਾਰਨ ਹਿੰਦੁਸਤਾਨੀ ਬੋਲਦੇ ਇਲਾਕੇ ਵਿਚੋਂ ਉਠ ਅਚਾਨਕ ਪੰਜਾਬੀਆਂ ਉੱਪਰ ਨੰਬਰਦਾਰ ਬਣ ਬੈਠਾ ਸੀ। ਜਾਤੀ-ਜਮਾਤੀ-ਜਗੀਰੂ ਰੁਚੀਆਂ ਦੇ ਮਾਲਕ ਉਚੇ ਤਬਕੇ ਦੇ ਪੰਜਾਬੀ ਆਗੂਆਂ ਨੂੰ ਇਸ ਗਲ ਦਾ ਸੌਂਕਣ-ਸਾੜਾ ਸੀ।

ਪਾਕਿਸਤਾਨ ਵਿਚ ਫ਼ੌਜੀ ਰਾਜ ਦੀ ਤਿਆਰੀ ਜਨਰਲ ਆਈਜ਼ਨ-ਹਾਵਰ ਦੀ ਪ੍ਰਧਾਨਗੀ ਸਮੇਂ ਕੋਰੀਅਨ ਜੰਗ ਦੇ ਨਾਲ ਸ਼ੁਰੂ ਹੋਈ। ਇਹ ਵੱਖਰੀ ਗਲ ਹੈ ਕਿ ਫ਼ੌਜ ਦਾ ਰੋਲ ਪ੍ਰਤੱਖ ਤੌਰ ਉਤੇ ਅਯੂਬਸ਼ਾਹੀ ਦੇ ਸਮੇਂ ਹੋਂਦ ਵਿਚ ਆਇਆ। ਪਾਕਿਸਤਾਨ ਵਿਚ ਫ਼ੌਜ ਦਾ ਰੋਲ ਅਸਲ ਵਿਚ ਗੂੜ੍ਹੇ ਅਮਰੀਕੀ ਅਸਰ ਦਾ ਸਿੱਟਾ ਸੀ। ਕੋਰੀਆ ਤੇ ਬਾਅਦ ਵਿਚ ਵੀਅਤਨਾਮ ਦੀ ਲੜਾਈ ਕਾਰਨ ਅਮਰੀਕਾ ਨੂੰ ਦੱਖਣ-ਪੂਰਬੀ ਏਸ਼ੀਆ ਫ਼ੌਜੀ ਅੱਡਿਆਂ ਦੀ ਅੱਤਅੰਤ ਜ਼ਰੂਰਤ ਸੀ। ਇਹਨਾਂ ਅੱਡਿਆਂ ਨੂੰ ਪਾਕਿਸਤਾਨ, ਈਰਾਨ ਤੇ ਤੁਰਕੀ ਵਿਚ ਸੋਵੀਅਤ ਯੂਨੀਅਨ ਉੱਪਰ ਜਾਸੂਸੀ ਉਡਾਰੀਆਂ ਲਈ ਵਰਤਿਆ ਜਾਂਦਾ ਸੀ।

ਵੀਅਤਨਾਮ ਨਾਲ ਜੰਗ ਕਾਰਨ ਤੇ ਦੱਖਣ-ਪੂਰਬੀ ਏਸ਼ੀਆ ਵਿਚ ਭਾਰਤ, ਚੀਨ ਤੋਂ ਕਈ ਹੋਰ ਦੇਸਾਂ ਦੇ ਇਸ ਜੰਗ ਦੀ ਵਿਰੋਧਤਾ ਕਾਰਨ ਅਮਰੀਕਾ ਪਾਕਿਸਤਾਨ ਨੂੰ ਆਪਣਾ ਲੰਗੋਟੀਆ ਇਤਹਾਦੀ ਸਮਝਦਾ ਸੀ। ਹਿੰਦੁਸਤਾਨ ਦੀ ਸੋਵੀਅਤ ਯੂਨੀਅਨ ਨਾਲ ਸਿਆਸੀ ਦੋਸਤੀ ਕਰਕੇ ਪਾਕਿ-ਸਤਾਨ ਦੇ ਹਾਕਮਾਂ ਨੂੰ ਇਹ ਬਹਾਨਾ ਆਪਣੇ ਲੋਕਾਂ ਸਾਹਮਣੇ ਹਰ ਵੇਲੇ ਰਖਿਆ ਕਿ ਦੁਨੀਆਂ ਦੀ ਦੂਜੀ ਵਡੀ ਫ਼ੌਜੀ ਤਾਕਤ ਅਮਰੀਕਾ ਨਾਲ ਗੂੜ੍ਹ ਦੇ ਸਿਵਾ ਉਹਨਾਂ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ ਰਿਹਾ।

ਅਜਿਹੀ ਹਾਲਤ ਵਿਚ ਪਾਕਿਸਤਾਨ ਵਿਚ ਅਯੂਬਸ਼ਾਹੀ ਦਾ ਫ਼ੌਜੀ ਦਹਾਕਾ ਸ਼ੁਰੂ ਹੋਇਆ। ਪ੍ਰਗਟ ਤੌਰ ਉਤੇ ਇਹ ਆਰਥਕ ਖ਼ੁਸ਼ਹਾਲੀ ਦਾ ਦਹਾਕਾ ਸੀ। ਇਸ ਸਮੇਂ ਅਮਰੀਕਾ ਨੇ ਖਰਬਾਂ ਰੁਪਿਆਂ ਦੀ ਆਰਥਕ ਸਹਾਇਤਾ ਪਾਕਿਸਤਾਨ ਨੂੰ ਦਿਤੀ। ਇਸ ਸਹਾਇਤਾ ਦੇ ਚਿਰ-ਸਥਾਈ ਨੁਕਸਾਨ ਇਹ ਹੋਏ :

1. ਬਦੇਸ਼ੀ ਨੀਤੀ ਵਿਚ ਪਾਕਿਸਤਾਨ ਆਪਣੇ ਅਮਰੀਕੀ ਮਾਲਕ ਦਾ ਸਰਕਸ-ਜੋਕਰ ਬਣਕੇ ਰਹਿ ਗਿਆ।

2. ਘਰੇਲੂ ਨੀਤੀ ਵਿਚ ਮੁਲਕ ਲੰਮੇ ਸਮੇਂ ਲਈ ਫ਼ੌਜ ਦੀ ਝੋਲੀ ਵਿਚ ਸੁਟ ਦਿਤਾ ਗਿਆ।

3. ਖਰਬਾਂ ਰੁਪਿਆਂ ਦੀ ਮਿਲੀ ਸਹਾਇਤਾ ਦੇ ਬਾਵਜੂਦ ਕੌਮੀ ਸਨਅਤ ਲਾਉਣ ਵਲ ਧਿਆਨ ਨਾ ਦਿਤਾ ਤੇ ਬਦੇਸ਼ੀ ਚੀਜ਼ਾਂ ਵੱਡੀ ਮਾਤਰਾ ਵਿਚ ਦਰਾਮਦ ਕਰਕੇ ਮਾੜੀ ਮੋਟੀ ਜਿਹੜੀ ਘਰੇਲੂ ਸਨਅਤ ਕੋਈ ਹੈ ਸੀ ਉਹਦਾ ਗਲਾ ਘੁਟਿਆ ਗਿਆ।

4. ਮੁਲਕ ਪਹਿਲਾਂ ਨਾਲੋਂ ਵੀ ਵੱਧ ਦਰਾਮਦ ਉਤੇ ਨਿਰਭਰ ਹੋ ਗਿਆ।

5. ਦਰਾਮਦ ਲਾਇਸੰਸਾਂ ਦੀ ਸਹਾਇਤਾ ਰਾਹੀਂ ਤੇ ਘਰੇਲੂ ਸਨਅਤਾਂ ਦੀ ਲੁੱਟ ਰਾਹੀਂ ਪਾਕਿਸਤਾਨ ਦੇ ਵੱਡੇ 22 ਪਰਵਾਰ ਫ਼ੌਜੀ ਲੁੱਟ ਵਿੱਚ ਭਾਈਵਾਲ ਬਣੇ ਤੇ ਪਾਕਿਸਤਾਨ ਫ਼ੌਜਸ਼ਾਹੀ ਤੇ ਘਰੇਲੂ ਸਨਅਤਾਂ ਦੇ ਮਾਲਕਾਂ ਦੀ ਲੁੱਟ ਦਾ ਅੱਡਾ ਬਣਕੇ ਰਹਿ ਗਿਆ।

6. ਸਿੱਟੇ ਵਜੋਂ ਕੇਵਲ ਦਸ ਸਾਲ ਦੇ ਥੋੜੇ ਜਿਹੇ ਸਮੇਂ ਵਿਚ ਪਾਕਿਸਤਾਨ ਸਨਅੱਤੀ ਤੌਰ ਉਤੇ ਗੁਆਂਢੀ ਹਿੰਦੁਸਤਾਨ ਨਾਲੋਂ ਵੀਹ ਸਾਲ ਪੱਛੜ ਗਿਆ ਤੇ ਚੀਜ਼ਾਂ ਦੀਆਂ ਕੀਮਤਾਂ ਵੀ ਦੂਣੀਆਂ-ਤੀਣੀਆਂ ਹੋ ਗਈਆਂ। ਭਾਵੇਂ ਹਿੰਦੁਸਤਾਨ ਵੀ ਕੌਮੀ ਬੁਰਜੁਆਜ਼ੀ ਦੀ ਲੁੱਟ ਦਾ ਹੀ ਸ਼ਿਕਾਰ ਦੇਸ ਸੀ।

ਇਉਂ ਆਰਥਕ ਪੱਖ ਤੋਂ ਅਯੂਬਸ਼ਾਹੀ ਦੇ ਫ਼ੌਜੀ ਦਹਾਕੇ ਨੂੰ ਉਪਰੋਂ ਦਿਸਦੀ ਖ਼ੁਸ਼ਹਾਲੀ, ਪਰ ਲੰਮੀ ਮੰਦ-ਹਾਲੀ ਦਾ ਸਮਾਂ ਕਹਿਣਾ ਚਾਹੀਦਾ ਹੈ।

ਅਯੂਬਸ਼ਾਹੀ ਦੇ ਸਮੇਂ ਹੀ ਪਹਿਲੀ ਵਾਰ ਪਾਕਿਸਤਾਨ ਦੀ ਅਖੰਡਤਾ ਨੂੰ ਜ਼ਬਰਦਸਤ ਖ਼ਤਰਾ ਪੈਦਾ ਹੋਇਆ। ਮੁਲਕ ਦੀ ਸਿਆਸੀ ਵਾਗ-ਡੋਰ ਫ਼ੌਜ ਹੱਥ ਅਤੇ ਇਉਂ ਪੰਜਾਬੀਆਂ ਦੇ ਹੱਥ ਹੋਣ ਕਾਰਨ ਪੂਰਬੀ ਬੰਗਾਲ ਤੇ ਪਛਮੀ ਪਾਕਿਸਤਾਨ ਦੇ ਗ਼ੈਰ-ਪੰਜਾਬੀ ਸੂਬਿਆਂ ਵਿਚ ਸਥਾਨਕ ਬੋਲੀ ਦੇ ਆਸ਼ਕਾਂ ਲਈ ਪੰਜਾਬੀ ਤੇ ਫ਼ੌਜ ਖਲਨਾਇਕ ਦੇ ਰੂਪ ਵਿਚ ਸਾਹਮਣੇ ਆਏ।

ਬੋਲੀ ਤੇ ਸਭਿਆਚਾਰਕ ਵੱਖਰੇਵੇਂ ਹੋਰ ਵੀ ਤੀਖਣ ਰੂਪ ਵਿਚ ਸਾਹਮਣੇ ਆਏ। ਬੰਗਾਲੀਆਂ, ਬਲੋਚਾਂ, ਸਿੰਧੀਆਂ ਤੇ ਪਠਾਣਾਂ ਉੱਪਰ ਫ਼ੌਜ ਤੇ ਉਰਦੂ ਦੀ ਸਰਦਾਰੀ ਠੋਸੀ ਗਈ। ਇਉਂ ਫ਼ੌਜ ਤੇ ਪੰਜਾਬੀ ਜੋ ਫ਼ੌਜ ਵਿਚ ਵੱਡੀ ਗਿਣਤੀ ਵਿਚ ਹੋਣ ਕਾਰਨ ਅਸਲ ਵਿਚ ਇਕ ਹੀ ਸਮਝਣੇ ਚਾਹੀਦੇ ਹਨ ਜਾਣੇ ਜਾਂ ਅਣਜਾਣੇ ਅਯੂਬਸ਼ਾਹੀ ਦੇ ਸਮੇਂ ਮਾਂ-ਬੋਲੀ (ਪੰਜਾਬੀ) ਤੇ ਦੂਜੀਆਂ ਸਥਾਨਕ ਬੋਲੀਆਂ ਦੇ ਘਾਤ ਦੇ ਨਾਲ ਨਾਲ ਮਾਤ-ਭੂਮੀ ਦੇ ਘਾਤ ਵਲ ਵੱਧ ਰਹੇ ਸਨ। ਬੰਗਾਲੀ ਭਾਵੇਂ ਵਸੋਂ ਦਾ ਵੱਡਾ ਭਾਗ ਸਨ, ਫਿਰ ਵੀ ਫ਼ੌਜ ਦਾ ਇਹਨਾਂ ਵਲ ਵਤੀਰਾ ਕੌਮੀ ਘੱਟ-ਗਿਣਤੀ ਵਾਲਾ ਸੀ। ਕੌਮੀ ਘੱਟ ਗਿਣਤੀਆਂ ਤੇ ਬੰਗਾਲੀ ਦਾ ਗਲਾ ਘੁੱਟਦੇ ਸਮੇਂ ਪੰਜਾਬੀਆਂ ਆਪਣੀ ਮਾਂ ਬੋਲੀ ਦਾ ਘਾਤ ਕਰਨੋਂ ਵੀ ਸੰਕੋਚ ਨਹੀਂ ਕੀਤਾ। ਪੰਜਾਬੀਆਂ ਉਪਰ ਵੀ ਉਰਦੂ ਨੂੰ ਠੋਸਿਆ ਗਿਆ।

ਗ਼ੈਰ-ਬੋਲੀ ਤੇ ਗ਼ੈਰ-ਸਭਿਆਚਾਰ ਦੀ ਸਰਦਾਰੀ, ਫ਼ੌਜੀ ਤੇ ਸਿਵਲ ਨੌਕਰੀਆਂ ਵਿਚ ਅਯੂਬਸ਼ਾਹੀ ਦੇ ਸਮੇਂ ਪੰਜਾਬੀਆਂ ਦੇ ਜ਼ਾਹਿਰਾ ਤੌਰ ਉਤੇ ਪੰਜਾਬੀਆਂ ਨੂੰ ਤਰਜੀਹ ਦੇਣ ਦੇ ਘਾਤਕ ਸਿੱਟੇ ਅਯੂਬਸ਼ਾਹੀ ਦੇ ਰਾਜ-ਖ਼ਾਤਮੇਂ ਤੋਂ ਤੁਰੰਤ ਪਿਛੋਂ ਆਜ਼ਾਦ ਬੰਗਲਾ ਦੇਸ਼ ਦੇ ਰੂਪ ਵਿਚ ਸਾਹਮਣੇ ਆਏ।

ਬੰਗਲਾ ਦੇਸ਼ ਵਿਚ ਪਾਕਿਸਤਾਨ ਦੀ ਲੱਕ-ਤੋੜਵੀਂ-ਫ਼ੌਜੀ ਹਾਰ ਨਾਲ ਫ਼ੌਜ ਦਾ ਸਾਰਾ ਵੱਕਾਰ ਮਿੱਟੀ ਵਿਚ ਮਿਲ ਗਿਆ। ਇਉਂ ਬਦਨਾਮ ਤੇ ਜ਼ਲੀਲ ਹੋਈ ਫ਼ੌਜ ਨੂੰ ਸਰਕਾਰ ਦੀ ਵਾਗ-ਡੋਰ ਪਹਿਲੀ ਵਾਰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਹੱਥ ਦੇਣੀ ਪਈ।

ਭੁੱਟੋ ਦੀ ਸਰਕਾਰ ਪਾਸ ਇਹ ਪਹਿਲਾ ਮੌਕਾ ਸੀ ਜਦੋਂ ਪਾਕਿਸਤਾਨ ਦੀ ਫ਼ੌਜੀ ਮਸ਼ੀਨ ਨੂੰ ਫ਼ੌਜੀ ਬੈਰਕਾਂ ਤਕ ਤੇ ਨਿਰੋਲ ਫ਼ੌਜੀ ਰੋਲ ਲਈ ਸੀਮਤ ਕੀਤਾ ਜਾ ਸਕਦਾ ਸੀ। ਭੁੱਟੋ ਜਿਸਦਾ ਆਪਣਾ ਜਮਾਤੀ ਕਰਦਾਰ ਜਗੀਰੂ — ਰਜਵਾੜਾ

ਸ਼ਾਹੀ ਸੀ, ਉਸ ਕੋਲੋਂ ਅਜਿਹੀ ਆਸ ਦੀ ਪੂਰਤੀ ਅਸੰਭਵ ਸੀ।

ਏਥੇ ਇਹ ਗਲ ਵੀ ਨਹੀਂ ਭੁਲਣੀ ਚਾਹੀਦੀ ਕਿ ਭੁੱਟੋ ਫ਼ੌਜ ਦੀ ਲੱਕ-ਤੋੜਵੀਂ ਹਾਰ ਦੇ ਬਾਵਜੂਦ ਵੀ ਕੁਝ ਫ਼ੌਜੀ ਜਰਨੈਲਾਂ ਦੀ ਅੰਦਰੂਨੀ ਸਾਜ਼ਿਸ਼ ਕਾਰਨ ਪ੍ਰਧਾਨ ਬਣਿਆ ਸੀ। ਪੱਛਮੀ ਪਾਕਿਸਤਾਨ ਵਿਚ ਉਸਦੀ ਪਾਰਟੀ ਨੂੰ ਬਹੁ-ਮਤ ਹੋਣ ਦੇ ਬਾਵਜੂਦ ਤੇ ਬੰਗਲਾ ਦੇਸ਼ ਹੱਥੋਂ ਨਿਕਲ ਜਾਣ ਦੇ ਬਾਵਜੂਦ ਭੁੱਟੋ ਪ੍ਰਧਾਨ ਨਿਕਸਨ ਤੋਂ ਅਸ਼ੀਰਵਾਦ ਲੈ ਕੇ ਰਾਜਸੀ ਗੱਦੀ ਉਤੇ ਬੈਠ ਸਕਿਆ ਸੀ। ਇਸ ਗਲ ਤੋਂ ਪਾਕਿਸਤਾਨ ਦੀ ਅੰਦਰੂਨੀ ਸਿਆਸਤ ਵਿਚ ਅਮਰੀਕੀ ਅਸਰ-ਰਸੂਖ ਦਾ ਭਲੀ-ਭਾਂਤ ਪਤਾ ਲਗ ਸਕਦਾ ਹੈ।

ਪਾਕਿਸਤਾਨ ਦਾ ਪ੍ਰਧਾਨ ਬਣਦੇ ਹੀ ਉਸ ਸੱਤਾਂ ਫ਼ੌਜੀ ਜਰਨੈਲਾਂ ਨੂੰ ਮਨਸੂਖ ਕੀਤਾ, ਪਰ ਨਾਲ ਹੀ ਮਹਾਂ ਸਾਜ਼ਸ਼ੀ ਜਰਨੈਲ ਗੁੱਲ ਹੱਸਨ (ਜਿਸਨੂੰ ਪਾਕਿਸਤਾਨ ਦੀਆਂ ਫ਼ੌਜੀ ਬੈਰਕਾਂ ਵਿਚ Shakespearean Iago ਸਮਝਿਆ ਜਾਂਦਾ ਹੈ ਤੇ ਜਿਸਦੀਆਂ ਸਾਜ਼ਸ਼ਾਂ ਸਦਕਾ ਜਨਰਲ ਯਹੀਆ ਨੂੰ ਧਰਕਾ ਕੇ ਭੁੱਟੋ ਖ਼ੁਦ ਗਦੀ ਸੰਭਾਲੀ ਸੀ) ਨੂੰ ਕਮਾਂਡਰ-ਇਨ-ਚੀਫ਼ ਬਣਾ ਦਿੱਤਾ। ਇਹ ਬਦਨਾਮ ਤੇ ਭ੍ਰਿਸ਼ਟਾਚਾਰੀ ਫ਼ੌਜ ਦੇ ਮੂੰਹ ਵਿਚ ਅੰਮ੍ਰਿਤ ਪਾਉਣ ਵਾਲੀ ਗੱਲ ਸੀ।

ਭੁੱਟੋ ਜੋ ਅਸਲ ਵਿਚ ਪਾਕਿਸਤਾਨ ਦੇ ਜਾਤੀ-ਜਮਾਤੀ-ਰਜਵਾੜਿਆਂ ਦੀ ਮਦਦ ਨਾਲ ਤਾਕਤ ਵਿਚ ਆਇਆ ਸੀ, ਪਾਕਿਸਤਾਨ ਦੀ ਬੁਰਜੁਆਜ਼ੀ ਦਾ ਨੁਮਾਇੰਦਾ ਸੀ। ਇਉਂ ਉਹ ਪਾਕਿਸਤਾਨ ਦੀ ਫ਼ੌਜੀ ਬਨਾਮ ਸਿਵਲ ਵਿਰੋਧਤਾਈ ਦੇ ਬੁਰਜੁਆ ਹੱਲ ਲੱਭਦਾ ਸੀ। ਭਾਵੇਂ ਮੁਲਕ ਦਾ ਕਾਫ਼ੀ ਵੱਡਾ ਹਿੱਸਾ ਆਜ਼ਾਦ ਬੰਗਲਾ ਦੇਸ਼ ਬਣ ਚੁਕਾ ਸੀ ਤੇ ਭੁੱਟੋ 1971 ਦੀ ਲੜਾਈ ਨੂੰ ਹਿੰਦੁਸਤਾਨ ਨਾਲ ਆਖ਼ਰੀ ਲੜਾਈ ਸਮਝਦਾ ਸੀ, ਫਿਰ ਵੀ ਉਸ ਫ਼ੌਜ ਦੀ ਗਿਣਤੀ ਵਿਚ ਕੋਈ ਕਮੀ ਨਾ ਕੀਤੀ। ਜਰਨੈਲਾਂ ਦੀ ਗਿਣਤੀ ਹੌਲੀ ਹੌਲੀ ਪਹਿਲਾਂ ਨਾਲੋਂ ਵੀ ਦੂਣੀ ਕਰ ਦਿੱਤੀ ਗਈ ਤੇ ਭੁੱਟੋ ਨੇ ਆਪ ਫ਼ੌਜੀ ਮਗਰ-ਮੱਛਾਂ ਨੂੰ ਪਾਲਣਾ ਆਰੰਭ ਕਰ ਦਿੱਤਾ। ਪਾਕਿਸਤਾਨੀ ਅਵਾਮ ਨੂੰ ਨੀਮ-ਭੁੱਖ-ਮਰੀ ਦੀ ਹਾਲਤ ਵਿਚ ਰੱਖਕੇ ਬੱਜਟ ਦਾ ਵੱਡਾ ਹਿੱਸਾ ਫ਼ੌਜ ਉਤੇ ਖ਼ਰਚ ਕੀਤਾ ਜਾਂਦਾ ਰਿਹਾ। ਲੋਕਾਂ ਦੀ ਚੁਣੀ ਹੋਈ ਸਰਕਾਰ ਦਾ ਨੁਮਾਇੰਦਾ ਹੋਣ ਦੇ ਬਾਵਜੂਦ ਵੀ ਭੁੱਟੋ ਨੇ ਬਲੋਚਿਸਤਾਨ ਨੂੰ ਫ਼ੌਜ ਦੇ ਹਵਾਲੇ ਰਖਿਆ।

ਅਸਲੀਅਤ ਇਹ ਹੈ ਕਿ ਭੁੱਟੋ ਨੇ ਆਪਣੇ ਰਾਜ ਸਮੇਂ ਫ਼ੌਜ ਦੇ ਰੋਲ ਨੂੰ ਸਿਆਸਤ ਵਿਚੋਂ ਕਦੇ ਵੀ ਪੂਰਨ ਤੌਰ ਉਤੇ ਮਨਫ਼ੀ ਨਹੀਂ ਸੀ ਕੀਤਾ, ਜਦੋਂ ਕਿ ਉਹ ਅਜਿਹਾ ਕਰਨ ਦੇ ਸਮਰੱਥ ਸੀ। ਉਹ ਫ਼ੌਜੀ ਮਸ਼ੀਨ ਪਾਸੋਂ ਸਵੈ-ਸੰਜਮ ਦੀ ਆਸ ਕਰਦਾ ਸੀ ਪਰ ਪਾਕਿਸਤਾਨ ਦੇ ਫ਼ੌਜੀ ਇਤਿਹਾਸ ਵਿਚੋਂ ਸਵੈ ਸੰਜਮ ਦੇ ਬੀਜ ਹੀ ਅਲੋਪ ਸਨ। ਭੁੱਟੋ ਪਾਕਿਸਤਾਨ ਦੇ ਜਗੀਰੂ-ਬੁਰਜੁਆ ਢਾਂਚੇ ਦਾ ਝੰਡੇਬਰਦਾਰ ਸੀ ਤੇ ਇਸ ਢਾਂਚੇ ਨੂੰ ਜਿਉਂ ਦਿਆਂ ਰਖਕੇ ਫ਼ੌਜੀ ਵਿਰੋਧਤਾਈ ਦਾ ਹੱਲ ਭਾਲਦਾ ਸੀ। ਪਰ ਅਸਲ ਹੱਲ ਫ਼ੌਜ ਦੇ ਜਮਾਤੀ ਕਿਰਦਾਰ ਨੂੰ ਬਦਲਣਾ ਸੀ। ਫ਼ੌਜ ਦੇ ਜਮਾਤੀ ਕਿਰਦਾਰ ਨੂੰ ਬਦਲਣ ਲਈ ਸਿਆਸੀ ਨਜ਼ਾਮ ਨੂੰ ਬਦਲਣ ਦੀ ਲੋੜ ਸੀ।

ਇਸਲਾਮੀ ਸੋਸ਼ਲਿਜ਼ਮ ਦੇ ਆਪੇ-ਸਿਰਜੇ ਨਾਹਰੇ ਨਾਲ ਭੁੱਟੋ ਛੇ ਸਾਲ ਪਾਕਿਸਤਾਨ ਦੀ ਇਸ ਫ਼ੌਜੀ ਵਿਰੋਧਤਾਈ ਤੋਂ ਅੱਖਾਂ ਮੀਚਦਾ ਰਿਹਾ। ਅਖ਼ੀਰ ਆਪਣੇ ਖੋਖਲੇ ਇਸਲਾਮੀ ਸੋਸ਼ਲਿਜ਼ਮ ਦਾ ਆਪ ਹੀ ਵਿਰੋਧ ਕਰਦਿਆਂ ਕਾਲ ਕੋਠੜੀ ਵਿਚੋਂ ਭੁੱਟੋ ਨੇ ਇਹ ਗੱਲ ਆਪਣੀ ਲਿਖਤ ਵਿਚ ਤਸਲੀਮ ਕੀਤੀ ਹੈ ਕਿ 'ਫ਼ੌਜ ਨਾਲ ਲੜਾਈ ਅਸਲ ਵਿਚ ਜਮਾਤੀ ਜੰਗ ਸੀ ਤੇ ਅਜਿਹੀ ਜੰਗ ਵਿਚ ਇਕ ਜਮਾਤ ਨੂੰ ਦੂਜੀ ਉਪਰ ਪੂਰਨ ਜਿੱਤ ਪ੍ਰਾਪਤ ਕਰਨੀ ਚਾਹੀਦੀ ਹੈ।"

ਪਾਕਿਸਤਾਨ ਵਿਚ ਫ਼ੌਜੀ ਜੁੰਡਲੀ ਦਾ ਸਿਵਲ ਹਕੂਮਤ ਹੱਥਿਆਉਣ ਲਈ ਸਦਾ ਹੀ ਕਲਾਸੀਕਲ ਬਹਾਨਾ ਇਹ ਰਿਹਾ ਹੈ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਮੁਲਕ ਦੀ ਅਖੰਡਤਾ ਨੂੰ ਖ਼ਤਰਾ ਹੈ। ਅਯੂਬ-ਸ਼ਾਹੀ ਸਮੇਂ ਯਹੀਆ ਸਮੇਂ ਤੇ ਅਜ ਫਿਰ ਇਹੋ ਬਹਾਨਾ ਵਰਤਿਆ ਜਾ ਰਿਹਾ ਹੈ। ਪਰ ਅਸਲੀਅਤ ਇਹ ਹੈ ਕਿ ਮੁਲਕ ਦੀ ਅਖੰਡਤਾ ਨੂੰ ਸਭ ਤੋਂ ਵੱਡਾ ਖ਼ਤਰਾ ਹਮੇਸ਼ਾ ਫ਼ੌਜੀ ਰਾਜ ਸਮੇਂ ਰਿਹਾ ਹੈ। ਬੰਗਲਾ ਦੇਸ਼ ਬਣਨ ਸਮੇਂ ਮੁਲਕ ਦੋ ਹਿੱਸਿਆਂ ਵਿਚ ਵੰਡਿਆ ਗਿਆ; ਹੁਣ ਪਤਾ ਨਹੀਂ ਇਸ ਦੀਆਂ ਕਿੰਨੀਆਂ ਵੰਡੀਆਂ ਪੈਣ।

ਪਾਕਿਸਤਾਨ ਦੀ ਅਜੋਕੀ ਫ਼ੌਜੀ ਜੁੰਡਲੀ ਤੇ ਅਯੂਬ-ਸ਼ਾਹੀ ਸਮੇਂ ਦੀ ਫ਼ੌਜੀ ਜੁੰਡਲੀ ਵਿਚ ਬੁਨਿਆਦੀ ਫ਼ਰਕ ਕੋਈ ਨਹੀਂ। ਨਾ ਹੀ ਕੋਈ ਫ਼ਰਕ ਹੋ ਸਕਦਾ ਹੈ। ਪਰ ਅਯੂਬ ਤੇ ਜ਼ਿਆ ਦੀ ਨਿੱਜੀ ਸ਼ਖ਼ਸੀਅਤ ਵਿਚ ਫ਼ਰਕ ਜ਼ਰੂਰ ਹੈ। ਅਯੂਬ ਦੇ ਦਿਮਾਗ਼ ਵਿਚ ਪਾਕਿਸਤਾਨ ਲਈ ਕਿਸੇ ਭਵਿੱਖ ਦਾ ਨਕਸ਼ਾ ਸੀ। ਇਹ ਨਕਸ਼ਾ ਆਰਥਕ ਤੌਰ ਉਤੇ ਖ਼ੁਸ਼ਹਾਲ ਪਾਕਿਸਤਾਨ ਦਾ ਸੀ। ਜ਼ਿਆ ਦੇ ਦਿਮਾਗ਼ ਵਿਚ ਪਾਕਿਸਤਾਨ ਦਾ ਜੋ ਨਕਸ਼ਾ ਹੈ ਉਸ ਵਿਚੋਂ ਆਰਥਕ ਖ਼ੁਸ਼ਹਾਲੀ ਗੁੰਮ ਹੈ। ਇਹ ਨਕਸ਼ਾ ਡਾਚੀਆਂ ਦੇ ਦੁੱਧ, ਤਰਖੂਜ਼ਾਂ, ਕੋਰੜਿਆਂ ਦੀ ਸਜ਼ਾ ਤੇ ਮੱਧ-ਕਾਲੀਨ ਅਰਬੀ ਅਤੀਤ ਨਾਲ ਭਰਪੂਰ ਹੈ। ਇਹ ਮਾਡਲ ਕਿਸੇ ਰੋਗੀ ਦਿਮਾਗ਼ ਦੀ ਕਾਢ ਹੀ ਹੋ ਸਕਦਾ ਹੈ।

ਭੁੱਟੋ ਦੇ ਫ਼ੌਜੀ ਕਤਲ ਦੀ ਸਾਜ਼ਿਸ਼ ਲਈ ਪਾਕਿਸਤਾਨ ਦੇ ਸਿਆਸੀ ਹਵਾ-ਮੰਡਲ ਵਿਚ ਜਿਹੜੀਆਂ ਅੰਦਰਲੀਆਂ ਤੇ ਬਾਹਰਲੀਆਂ ਗਿਰਝਾਂ ਇਕੱਠੀਆਂ ਹੋਈਆਂ ਉਹਨਾਂ ਵਿਚ ਫ਼ੌਜ, ਜਮਾਤ-ਇ-ਇਸਲਾਮੀ, ਜਮਾਤ-ਇ-ਉਲਮਾ, ਤਹਿਰੀਕ-ਇ-ਇਸਤਕਲਾਲ ਤੋਂ ਬਿਨਾਂ ਸਾਊਦੀ ਅਰਬ ਤੇ ਅਮਰੀਕਾ ਦਾ ਸਿੱਧਾ ਹੱਥ ਹੈ। ਇਹ ਸਾਰੀਆਂ ਸ਼ਕਤੀਆਂ ਸੱਜੀਆਂ ਅਤੇ ਮਹਾਂ-ਪਿਛਾਖੜ ਸ਼ਕਤੀਆਂ ਹਨ। ਇਹਨਾਂ ਦੇ ਰੋਲ ਬਾਰੇ ਸੰਖੇਪ ਜਾਣਕਾਰੀ ਜ਼ਰੂਰੀ ਹੈ।

ਪਾਕਿਸਤਾਨ ਦਾ ਧਾਰਮਿਕ ਤੇ ਸੱਜਾ-ਪਿਛਾਖੜ ਭੁੱਟੋ ਦੇ ਕਤਲ ਵਿਚ ਫ਼ੌਜ ਦਾ ਇਸ ਲਈ ਭਾਈਵਾਲ ਬਣਿਆ ਕਿਉਂਕਿ ਇਸ ਲਈ ਭੁੱਟੋ ਨੂੰ ਤੇ ਉਸਦੀ ਪਾਰਟੀ ਨੂੰ ਚੋਣ ਵਿਚ ਹਰਾਉਣਾ ਅਸੰਭਵ ਸੀ। ਇਸ ਤੋਂ ਇਲਾਵਾ ਸੱਜ-ਪਿਛਾਖੜ ਤੇ ਧਰਮ-ਗ੍ਰਸਤ ਅੰਸ਼ਾਂ ਨੂੰ ਆਸ ਸੀ ਕਿ ਸ਼ਾਇਦ ਫ਼ੌਜ ਉਹਨਾਂ ਨੂੰ ਹਕੂਮਤ ਵਿਚ ਵੀ ਭਾਈਵਾਲ ਬਣਾ ਲਏ, ਪਰ ਸੱਜੇ ਤੇ ਧਰਮ-ਪਿਛਾਖੜਾਂ ਦੀ ਇਹ ਲੁੱਕਵੀਂ ਇੱਛਾ ਪੂਰੀ ਨਹੀਂ ਹੋ ਸਕੀ।

ਅਮਰੀਕਾ ਦੁਨੀਆਂ ਵਿਚ ਮਾਰੂ ਹੱਥਿਆਰਾਂ ਦਾ ਸਭ ਤੋਂ ਵੱਡਾ ਦਾਤਾ ਤੇ ਸੌਦਾਗਰ ਹੈ। ਆਪਣੀ ਆਰਥਕ ਲੁੱਟ ਨੂੰ ਕਾਇਮ ਰਖਣ ਲਈ ਤੇ ਜੰਗੀ ਹਥਿਆਰਾਂ ਦੀ ਸਨਅਤ ਨੂੰ ਨੂੰ ਚਲਦਾ ਰਖਣ ਲਈ ਅਮਰੀਕਾ ਨੂੰ ਨਿੱਤ ਮੰਡੀਆਂ ਦੀ ਲੋੜ ਰਹਿੰਦੀ ਹੈ। ਬਹੁਤ ਵਾਰ ਇਹ ਮੰਡੀਆਂ ਅਮਰੀਕਾ ਦੀ ਮਨਹੂਸ ਜਾਸੂਸੀ ਏਜੰਸੀ ਸੀ: ਆਈ: ਏ ਦੀ ਮਦਦ ਨਾਲ ਬਦੇਸ਼ੀ ਹਕੂਮਤਾਂ ਦੇ ਤੱਖ਼ਤੇ ਉੱਲਟ ਕੇ ਪੈਦਾ ਕਰਨੀਆਂ ਪੈਂਦੀਆਂ ਹਨ। ਇਉਂ ਅਮਰੀਕਾ ਦੁਨੀਆਂ ਭਰ ਵਿਚ ਰੋਗੀ

ਬਾਦਸ਼ਾਹਾਂ, ਜੰਗਬਾਜ਼ਾਂ ਤੇ ਫ਼ੌਜੀ ਡਿਕਟੇਟਰਾਂ ਦੀਆਂ ਹਕੂਮਤਾਂ ਦਾ ਸਭ ਤੋਂ ਵੱਡਾ ਝੰਡੇਬਰਦਾਰ ਹੈ। ਫ਼ੌਜੀ ਡਿਕਟੇਟਰਾਂ ਦੀ ਕਾਮਯਾਬੀ ਲਈ ਹਥਿਆਰ ਤੇ ਪੈਸਾ ਖ਼ਰਚਣ ਲਈ ਅਮਰੀਕਾ ਤਤਪਰ ਰਹਿੰਦਾ ਹੈ। ਸ਼ਾਹ ਈਰਾਨ, ਸਾਊਦੀ ਅਰਬ, ਸਾਦਾਤ, ਦੱਖਣੀ ਕੋਰੀਆ, ਇਸਰਾਈਲ, ਸਮੋਜ਼ਾ ਦਾ ਨਿੱਕਰਾਗੁਆ, ਸਾਊਥ ਅਫ਼ਰੀਕਾ, ਰੋਡੇਸ਼ੀਆ, ਚਿੱਲੀ, ਕੁਵੈਤ ਤੇ ਅਜੋਕਾ ਪਾਕਿਸਤਾਨ ਅਜਿਹੀਆਂ ਮਿਸਾਲਾਂ ਹਨ। ਕੇਵਲ ਇਕ ਗ਼ੈਰ-ਜ਼ੁੰਮੇਵਾਰ ਫ਼ੌਜ ਹੀ ਪਾਕਿਸਤਾਨ ਨੂੰ ਅਮਰੀਕਾ ਦੀ ਝੋਲੀ ਵਿਚ ਸੁਟ ਸਕਦੀ ਹੈ ਤੇ ਇਉਂ ਬਦੇਸ਼ੀ ਮੰਡੀ ਲਈ ਰਾਹ ਸਾਫ਼ ਕਰ ਸਕਦੀ ਹੈ।

ਸਾਊਦੀ ਅਰਬ ਇਸ ਸਾਜ਼ਿਸ਼ ਵਿਚ ਭਾਈਵਾਲ ਕਿਉਂ ਬਣਿਆ? ਇਹ ਸਵਾਲ ਗੰਭੀਰ ਹੈ। ਤੇਲ ਤੋਂ ਅਰਬਾਂ ਰੁਪਿਆਂ ਦੀ ਰੋਜ਼ਾਨਾ ਆਮਦਨ ਹੋਣ ਦੇ ਬਾਵਜੂਦ ਦੁਨੀਆਂ ਦਾ ਸਭ ਤੋਂ ਵੱਡਾ ਤੇਲੀ ਸਾਊਦੀ ਅਰਬ ਇਸਲਾਮੀ ਦੁਨੀਆਂ ਦਾ ਸਭ ਤੋਂ ਪਛੜਿਆ ਹੋਇਆ ਮੁਲਕ ਹੈ। ਇਸ ਪੱਛੜੇਂਵੇਂ ਦਾ ਇਕੋ ਇਕ ਕਾਰਨ ਸਾਊਦੀ ਅਰਬ ਦਾ ਮਹਾਂ-ਪਿਛਾਖੜ ਸ਼ਾਹੀ ਘਰਾਣਾ ਹੈ। ਮੱਕੇ ਕਾਰਨ ਤੇ ਤੇਲ ਦੀ ਬੇ-ਸ਼ੁਮਾਰ ਦੌਲਤ ਕਾਰਨ ਸਾਊਦੀ ਸ਼ਾਹੀ ਘਰਾਣੇ ਨੇ ਇਸਲਾਮੀ ਦੁਨੀਆਂ ਦੀ ਲੀਡਰਸ਼ਿਪ ਹੱਥਿਆ ਲਈ ਹੈ। ਇਸ ਦੌਲਤ ਰਾਹੀਂ ਪ੍ਰਾਪਤ ਕੀਤੀ ਲੀਡਰਸ਼ਿਪ ਕਾਰਨ ਸਾਊਦੀ ਅਰਬ ਇਸਲਾਮੀ ਦੁਨੀਆਂ ਦਾ ਝੰਡਾਬਰਦਾਰ ਬਣ ਬੈਠਾ ਹੈ ਤੇ ਪਾਕਿਸਤਾਨ ਵਰਗੇ ਵਿਦਿਅਕ ਤੇ ਸਭਿਆਚਾਰਕ ਤੌਰ ਉਤੇ ਅਗਾਂਹ ਵਧੇ ਹੋਏ ਦੇਸ਼ਾਂ ਉਤੇ ਵੀ ਆਪਣੇ ਮੱਧ-ਕਾਲੀਨ ਮਾਪ ਲਾਗੂ ਕਰਵਾਣਾ ਚਾਹੁੰਦਾ ਹੈ। ਸਾਊਦੀ ਸ਼ਾਹੀ ਘਰਾਣਾ ਮਸੀਤਾਂ ਦੇ ਮਜੌਰਾਂ ਨੂੰ ਹੀ ਇਸਲਾਮੀ ਮਾਪਾਂ ਦੀ ਸਿੱਖਰ ਸਮਝਦਾ ਹੈ। ਇਸਲਾਮੀ ਮੁਲਕਾਂ ਵਿਚ ਲੋਕਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਤੋਂ ਸਾਊਦੀ ਸ਼ਾਹੀ ਘਰਾਣੇ ਨੂੰ ਹਮੇਸ਼ਾ ਖ਼ੌਫ਼ ਆਉਂਦਾ ਹੈ ਤੇ ਆਪਣੀ ਬਾਦਸ਼ਾਹੀ ਖ਼ਤਰੇ ਵਿਚ ਮਹਿਸੂਸ ਹੁੰਦੀ ਹੈ। ਅਮਰੀਕਾ ਦੀ ਕੱਠ-ਪੁਤਲੀ ਹੋਣ ਕਾਰਨ ਵੀ ਸਾਊਦੀ ਅਰਬ ਫ਼ੌਜੀ ਸ਼ਖ਼ਸ਼ੀ ਸਰਕਾਰਾਂ ਤੇ ਧਾਰਮਿਕ ਪਿਛਾਖੜ ਨੂੰ ਪਹਿਲ ਦੇਂਦਾ ਹੈ। ਇਉਂ ਸਾਊਦੀ ਅਰਬ ਦਾ ਭੁੱਟੋ ਦੇ ਮੁਕਾਬਲੇ ਉਤੇ ਫ਼ੌਜ ਅਤੇ ਸੱਜ-ਧਾਰਮਿਕ-ਪਿਛਾਖੜ ਦੀ ਰੱਜਵੀਂ ਆਰਥਕ ਸਹਾਇਤਾ ਕਰਨਾ ਸਮਝ ਆ ਜਾਂਦਾ ਹੈ।

ਪਾਕਿਸਤਾਨ ਵਿਚ ਫ਼ੌਜੀ ਡਿਕਟੇਟਰ ਬਨਾਮ ਸਿਵਲ ਹਕੂਮਤ ਦੀ ਵਿਰੋਧਤਾਈ ਦਾ ਹੱਲ ਕੀ ਹੈ? ਪਹਿਲੀ ਗੱਲ ਤਾਂ ਇਹ ਸਮਝਣ ਵਾਲੀ ਹੈ ਕਿ ਪਾਕਿਸਤਾਨ ਦੀ ਮੌਜੂਦਾ ਡਿਕਟੇਟਰਸ਼ਿੱਪ ਆਪਣੇ ਅੰਦਰਲੇ ਤੇ ਬਾਹਰਲੇ ਵਿਰੋਧਾਂ ਕਾਰਨ ਬਹੁਤੀ ਦੇਰ ਨਹੀਂ ਚਲ ਸਕਦੀ। ਇਸਦਾ ਭਾਵ ਇਹ ਨਹੀਂ ਕਿ ਪਾਕਿਸਤਾਨ ਅੰਦਰ ਜੋ ਰਾਜਸੀ ਸ਼ਕਤੀਆਂ ਇਸਦੀ ਕਬਰ ਪੁੱਟਣ ਦਾ ਕੰਮ ਕਰ ਸਕਦੀਆਂ ਹਨ, ਉਹ ਗੂੜ੍ਹੀ ਨੀਂਦ ਸੌਂ ਜਾਣ। ਉਹਨਾਂ ਸ਼ਕਤੀਆਂ ਨੂੰ ਜ਼ਾਹਿਰਾ ਜਾਂ ਖ਼ੁਫ਼ੀਆ ਤੌਰ ਉਤੇ ਆਪਣਾ ਕੰਮ ਜਾਰੀ ਰਖਣਾ ਚਾਹੀਦਾ ਹੈ।

ਭੁੱਟੋ ਦੀ ਪਾਕਿਸਤਾਨ ਪੀਪਲਜ਼ ਪਾਰਟੀ ਨੂੰ ਨਵੇਂ ਸਿਰਿਓਂ ਜਥੇਬੰਦ ਕਰਕੇ ਖੱਬੇ ਜਮਹੂਰੀ ਅੰਸ਼ ਨੂੰ ਇਸਦੀ ਲੀਡਰਸ਼ਿਪ ਹੱਥਾਂ ਵਿਚ ਲੈਣੀ ਚਾਹੀਦੀ ਹੈ। ਕੇਵਲ ਪਾਰਟੀ ਦਾ ਖੱਬਾ ਜਮਹੂਰੀ ਅੰਸ਼, ਪਾਕਿਸਤਾਨ ਮਜ਼ਦੂਰ ਕਿਸਾਨ ਪਾਰਟੀ ਤੇ ਦੂਜੀਆਂ ਖੱਬੀਆਂ ਤਾਕਤਾਂ ਰਲਕੇ ਚੋਣਾਂ ਰਾਹੀਂ ਜਾਂ ਹਥਿਆਰਬੰਦ ਸੰਘਰਸ਼ ਰਾਹੀਂ ਪਾਕਿਸਤਾਨ ਨੂੰ ਫ਼ੌਜੀ ਡਿਕਟੇਟਰਸ਼ਿਪ ਦੀ ਜਿਲ੍ਹਣ ਵਿਚੋਂ ਕੱਢ ਸਕਦੀਆਂ ਹਨ। 'ਕੇਵਲ ਚੋਣਾਂ ਰਾਹੀਂ ਹੀ' ਦੀ ਬੁਰਜ਼ੁਆ ਰੱਟ ਦੇ ਆਸ਼ਕਾਂ ਲਈ ਚੇ ਗਵੇਰਾ ਦਾ ਇਹ ਕੱਥਨ : "ਜਦ ਵਹਿਸ਼ੀ ਤਾਕਤ ਸਥਾਪਤ ਕਾਨੂੰਨ ਦੀਆਂ ਧੱਜੀਆਂ ਉਡਾ ਖ਼ੁਦ ਤਾਕਤ ਸੰਭਾਲ ਲਵੇ ਤਾਂ ਅਮਨ ਭੰਗ ਸਮਝਣਾ ਚਾਹੀਦਾ ਹੈ।" ਕਾਫ਼ੀ ਹੈ! (ਗੁਰੀਲਾ ਯੁੱਧ ਵਿਚੋਂ)

ਪੀਪਲਜ਼ ਪਾਰਟੀ ਦਾ ਸੱਜਾ ਅੰਸ਼ ਭਾਵ ਜਗੀਰੂ-ਰਜਵਾੜਾ-ਸ਼ਾਹੀ-ਬੁਰਜ਼ੂਆ ਅੰਸ਼ ਜਿਸ ਦੇ ਨੁਮਾਇੰਦੇ ਗ਼ੁਲਾਮ ਮੁਸਤਫ਼ਾ ਜਤੋਈ, ਪੀਰਜ਼ਾਦਾ, ਮੁਮਤਾਜ਼ ਭੁੱਟੋ ਖ਼ਰ, ਰਾਮੇ ਆਦਿ ਹਨ, ਤੋਂ ਕਿਸੇ ਵੀ ਕਿਸਮ ਦੀ ਆਸ ਰਖਣੀ ਫ਼ਜ਼ੂਲ ਹੈ। ਇਹ ਪਿਛਾਖੜ ਅੰਸ਼ ਭੁੱਟੋ ਦੇ ਕਤਲ ਪਿਛੋਂ ਨੰਗਾ ਹੋ ਚੁੱਕਾ ਹੈ। ਇਹ ਸਾਰੇ ਲੋਕ ਭੁੱਟੋ ਨਾਲ ਕਿਸੇ ਫ਼ਿਲਾਸਫ਼ੀ ਦੀ ਸਾਂਝ ਸਦਕਾ ਨਹੀਂ, ਸਗੋਂ ਰਾਜਸੀ ਤਾਕਤ ਦੀ ਭੁੱਖ ਪੂਰਤੀ ਲਈ ਬੱਝੇ ਹੋਏ ਸਨ।

ਭੁੱਟੋ ਭਾਵੇਂ ਪਾਕਿਸਤਾਨ ਦੀ ਬੁਰਜ਼ੁਆਜ਼ੀ ਦਾ ਨੁਮਾਇੰਦਾ ਸੀ, ਪਰ ਫ਼ੌਜੀ ਸੰਗੀਨਾਂ ਦੇ ਸਾਏ ਥੱਲੇ ਉਸ ਫਾਂਸੀ ਨੂੰ ਸੋਸ਼ਲਿਸਟ ਬਣਕੇ ਚੁੰਮਣ ਦਾ ਜਤਨ ਕੀਤਾ ਹੈ। ਅਮਰੀਕਾ, ਸਾਊਦੀ ਅਰਬ ਤੇ ਪਾਕਿਸਤਾਨ ਦੀ ਫ਼ੌਜੀ ਜੁੰਡਲੀ ਦੀ ਨਿਖੇਧੀ ਕਰਦਿਆਂ ਉਸ ਮੰਨਿਆ ਹੈ ਕਿ "ਸਟੇਟ ਤਾਕਤ ਦਾ ਮੁਕਾਬਲਾ ਕੇਵਲ ਸਟੇਟ ਤਾਕਤ ਨਾਲ ਹੀ ਕੀਤਾ ਜਾ ਸਕਦਾ ਹੈ।" ਇਉਂ ਭੁੱਟੋ ਨੇ ਕਾਲ-ਕੋਠੜੀ ਵਿਚੋਂ ਪਾਰਟੀ ਦੇ ਤੇ ਦੇਸ਼ ਦੇ ਖੱਬੇ ਅੰਸ਼ ਨੂੰ ਹੀ ਆਪਣੇ ਅਸਲੀ ਵਾਰਸ ਤਸੱਵਰ ਕੀਤਾ ਹੈ ਤੇ ਇਸ ਅੰਸ਼ ਸਦਕਾ ਹੀ ਫ਼ੌਜੀ ਮਗਰ-ਮੱਛਾਂ ਤੋਂ ਮੁਕਤੀ ਦੀ ਆਸ ਪ੍ਰਗਟ ਕੀਤੀ ਹੈ।

o o o o o

ਸਫ਼ਾ 22 ਦੀ ਬਾਕੀ: ਹੋਵੇਗਾ। ਜਦੋਂ ਅਜਿਹੇ ਮਰਦ ਅਤੇ ਅਜਿਹੀਆਂ ਔਰਤਾਂ ਹੋਂਦ ਵਿਚ ਆ ਜਾਣਗੀਆਂ ਤਾਂ ਫਿਰ ਉਹਨਾਂ ਨੂੰ ਇਸ ਗਲ ਦੀ ਉੱਕਾ ਪਰਵਾਹ ਨਹੀਂ ਹੋਵੇਗੀ ਕਿ ਅਸੀਂ ਕੀ ਸੋਚਦੇ ਹਾਂ, ਕਿ ਇਹਨਾ ਨੂੰ ਕੀ ਕਰਨਾ ਚਾਹੀਦਾ ਹੈ? ਉਹ ਆਪਣੇ ਨਾਲ ਆਪਣੇ ਅਮਲ ਲਿਆਉਣਗੇ ਅਤੇ ਇਸਦੇ ਅਨੁਸਾਰ ਹਰ ਵਿਅਕਤੀ ਦੇ ਅਮਲ ਬਾਰੇ ਆਪਣੀ ਰਾਇ ਤਿਆਰ ਕਰਨਗੇ।" o o o


SHAKTI GIFT

6576 MAIN STREET,
VANCOUVER, B.C.



Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259
Bus 321-6214

SPECIALIST IN EAST INDIAN JEWELLERY
GIFTWARE & REPAIRS

ਹਰ ਰੰਗਾਂ ਦੇ ਗਹਿਣੇ ਬਣਾਉਣ ਲਈ ਸ਼ਕਤੀ ਦੁਕਾਨ ਤੇ ਆਓ।

# ਸ਼ਹੀਦ ਹੋਏ ਦੋਸਤਾਂ ਦੇ ਨਾਂ

ਗੁਲਵੰਤ 'ਕਮਲ'

ਦੋਸਤੋ,
ਤੁਹਾਡੀਆਂ ਕੁਰਬਾਨੀਆਂ 'ਚ
ਸੱਚ ਦਾ ਸੂਰਜ ਸੀ ਚਮਕਦਾ।
ਤੁਹਾਡੀਆਂ ਸੁਚੀਆਂ ਭਾਵਨਾਵਾਂ 'ਚ
ਕੋਈ ਭਵਾਨੀ ਦਾ ਤੇਜ਼ ਸੀ ਚਮਕਦਾ।
ਤੁਸੀਂ ਤੁਰੇ ਸੀ ਬਣਾ ਕੇ ਕਾਫ਼ਲੇ।
ਤੁਸੀਂ ਮਿਟਾ ਰਹੇ ਸੀ ਫ਼ਾਸਲੇ।
ਪਰ
ਤੁਹਾਡੇ ਕ਼ਦਮਾਂ ਦੀ ਚਾਲ ਤੇਜ਼ ਸੀ,
ਮਜਬੂਰੀਆਂ ਥੱਲੇ ਦਬੇ ਕਦਮ,
ਅੰਧ ਵਿਸ਼ਵਾਸ਼ਾਂ ਥੱਲੇ ਦੱਬੇ ਸਾਹਸ,
ਤੁਹਾਡਾ ਸਾਥ ਨਾ ਦੇ ਸਕੇ—
ਤੁਸੀਂ ਕੋਹਾਂ ਅੱਗੇ ਲੰਘ ਗਏ
ਅਸੀਂ ਕੋਹਾਂ ਪਿੱਛੇ ਰਹਿ ਗਏ।
ਅਹਿੰਸਾ ਵਿੱਚ ਯਕੀਨ ਰੱਖਣ ਵਾਲਿਆਂ ਨੇ
ਸਦਾ ਵਾਂਗ ਦਿੱਤੇ ਤੁਹਾਨੂੰ
ਗੋਲੀਆਂ ਦੇ ਤੁਹਫੇ ਤੇ ਤਸ਼ੱਦਦ ਦਾ ਸਤਿਕਾਰ।
ਪਰ, ਯਕੀਨ ਕਰੋ,
ਇਨ੍ਹਾਂ ਦੇ ਸ਼ਬਦਕੋਸ਼ਾਂ ਵਿੱਚ
ਇਹ ਗੋਲੀਆਂ, ਇਹ ਤਸ਼ੱਦਦ, ਅਣਮਨੁੱਖੀ ਨਹੀਂ,
ਸਗੋਂ ਸੱਭਿਆਚਾਰਕ ਅਰਥ ਰਖਦਾ ਹੈ।

ਦੋਸਤੋ,
ਤੁਹਾਡੇ ਤੇ ਅਤਵਾਦੀ ਹੋਣ ਦਾ ਦੋਸ਼ ਲੱਗਾ ਏ,
ਕੀ ਉਹ ਅਤਵਾਦੀ ਨਹੀਂ,
ਜਿਨ੍ਹਾਂ, ਤੁਹਾਨੂੰ ਫੜ,
ਥਾਣਿਆਂ ਵਿੱਚ ਤੁਸਾਂ ਤੇ
ਅਣਮਨੁੱਖੀ ਤਸ਼ੱਦਦ ਕਰ
ਲੋਕਾਂ ਦੀ ਅੱਖੀਂ ਘੱਟਾ ਪਾ—
ਮੁਕਾਬਲਾ ਦਿਖਾ—
ਤੁਹਾਨੂੰ ਕਤਲ ਕਰ ਦਿੱਤਾ—
ਤੁਹਾਨੂੰ ਅਤਵਾਦੀ ਕਹਿਣ ਵਾਲੇ,
ਆਪ ਅਤਵਾਦੀ ਹਨ—
ਫਰਕ ਸਿਰਫ ਐਨਾਂ ਕੁ ਏ—
ਉਨ੍ਹਾਂ ਬੁਰਕੇ ਸ਼ਾਂਤਵਾਦੀਆਂ ਦੇ ਪਾਏ ਹਨ।
ਆਪਣੀਆਂ ਕੁਰਸੀਆਂ—
ਦੌਲਤਾਂ ਦੇ ਅੰਬਾਰਾਂ ਨੂੰ ਬਚਾਣ ਲਈ
ਸਾਰੇ ਦੇ ਸਾਰੇ ਉਹ ਗਾਂਧੀਵਾਦੀ ਹਨ।

ਦੋਸਤੋ
ਤੁਸਾਂ ਸੱਚ ਕਹਿਆ ਸੀ—
ਸੱਚ ਕੀਤਾ ਸੀ—
ਪਤਾ ਈ—
ਇਸ ਬੁਰਕੇ ਵਿਚਲਾ ਸੱਚ ਕੀ ਹੈ ?
ਸ਼ਾਂਤਵਾਦ ਦੇ ਬੁਰਕੇ ਵਿੱਚ ਲਿਪਟ ਕੇ
ਕੀਤੇ ਕਤਲ—
ਕੀਤੇ ਜ਼ਬਰ ਜਿਨਾਹ—
ਅਬਲਾ ਔਰਤਾਂ ਦੀ ਲੁੱਟੀ ਇਜ਼ਤ
ਕਿਰਤੀ ਦਾ ਚੂਸਿਆ ਖੂਨ
ਰਿਸ਼ਵਤਾਂ ਦੇ ਕੇ
ਰਿਸ਼ਵਤਾਂ ਲੈ ਕੇ
ਬਣੀ ਅਫਸਰ ਸ਼ਾਹੀ ਦੇ ਜ਼ੁਲਮ
ਇਨ੍ਹਾਂ ਦੇ ਸ਼ਬਦਕੋਸ਼ਾਂ ਵਿੱਚ
ਅੱਤਵਾਦ ਦੀ ਪ੍ਰੀਭਾਸ਼ਾ ਵਿੱਚ
ਸ਼ਾਮਿਲ ਨਹੀਂ ਹੁੰਦੇ।
ਕੋਈ ਇਨ੍ਹਾਂ ਨੂੰ ਪੁੱਛੇ
ਜੇ ਤੁਸੀਂ ਅਤਵਾਦੀ ਨਹੀਂ ਹੋ
ਕੌਣ ਪੀ ਗਿਆ ਫਿਰ
ਕਿਰਤੀਆਂ ਦਾ ਖੂਨ ?
ਕੌਣ ਚੂਸ ਗਿਆ ਇਨ੍ਹਾਂ ਦੀ ਰੱਤ
ਤੇ ਤੁਹਾਡੇ ਜਿਸਮਾਂ 'ਚ
ਥਲ ਥਲ ਕਰਦੀ ਚਰਬੀ
ਤੇ ਲੱਸ ਲੱਸ ਕਰਦਾ ਖੂਨ
ਆਖਿਰ ਕਿੱਥੋਂ ਆਇਆ ਹੈ ?

ਦੋਸਤੋ, ਤੁਸੀਂ ਮੁੱਕੇ ਨਹੀਂ ਹੋ
ਸੂਕਦੀ ਹਵਾ 'ਚ
ਤੁਹਾਡੇ ਹੌਸਲੇ ਦੀ ਗਰਜ ਸ਼ਾਮਿਲ ਹੈ।
ਤੇ ਵਗਦੇ ਦਰਿਆ 'ਚ
ਤੁਹਾਡੀ ਮਾਰੂਥਲ ਪਾਰ ਕਰ ਜਾਣ ਦੀ
ਰਵਾਨੀ ਹੈ,
ਅਹਿ ਵੇਖੋ
ਜਿੱਥੇ ਧਰਤੀ ਦਾ ਰੰਗ ਸੁਰਖ ਹੈ
ਮੁਸਾਫਿਰ ਤਿਆਰ ਬੈਠੇ ਨੇ
ਮੰਜ਼ਿਲਾਂ ਸਰ ਕਰਨ ਲਈ।

## ਸੁਰਜੀਤ ਕਲਸੀ

### ਕੋਲਾਜ਼–ਇਕ

ਮੈਨੂੰ ਪਤਾ ਹੈ ਤੇਰੇ ਘਰ ਆਉਣ ਦੇ ਨਾਲ ਹੀ
ਗੁਲਾਬ ਦੇ ਫੁੱਲਾਂ ਵਰਗੀ ਇਕ ਮਹਿਕ
ਤੇਰੇ ਕਦਮਾਂ ਦੇ ਨਾਲ ਦਹਿਲੀਜ਼ ਪਾਰ ਕਰਦੀ
ਘਰ ਅੰਦਰ ਦਾਖ਼ਿਲ ਹੋ ਜਾਇਆ ਕਰਦੀ ਹੈ
ਕੱਟੇ ਹੋਏ ਪਿਆਜ਼, ਅਦਰਕ, ਲਸਣ ਦੀ ਬਾਸ
ਤੇਰਾ ਤੇ ਉਸ ਮਹਿਕ ਦਾ ਸੁਆਗਤ ਕਰਦੀ ਹੈ

ਪਸੀਨੇ ਦੀ ਖੁਸ਼ਬੋ
ਮੈਲੀਆਂ ਜੁਰਾਬਾਂ ਦੀ ਹਮਕ
ਕੂੜੇ ਦੇ ਪੀਪੇ ਵਿਚੋਂ ਉਠਦੀ ਸੜਿਹਾਂਦ ਬੋ
ਕੱਟੇ ਹੋਏ ਪਿਆਜ਼, ਅਦਰਕ ਲਸਣ ਦੀ ਬਾਸ
ਮਖਮਲ ਦੇ ਇਕ ਬੋ-ਰਹਿਤ ਟੁਕੜੇ ਤੇ ਟਾਂਕ ਦੇਂਦੀ ਹਾਂ ।

### ਕੋਲਾਜ਼–ਦੋ

ਇਕ ਜ਼ੁਬਾਨ ਜਾਮਨੀ ਰੰਗ ਦੀ
ਦੋ ਅੱਖਾਂ ਤੁਰਾਂ ਹਰੇ ਕਾਰਨੀਆ ਵੇਖਣ
ਦ੍ਰਾਵੜੀ ਨੱਕ ਉਤੇ ਯੂਨਾਨੀ ਨੋਕ
ਦੋ ਨੀਗਰੋ ਬੁੱਲਾਂ ਉਤੇ ਮੋਨਾਲਿਜ਼ੀ ਮੁਸਕਾਨ
ਗੰਜੇ ਸਿਰ ਦੁਆਲੇ ਸੁਨਹਿਰੀ ਵਾਲਾਂ ਦੀ ਝਾਲਰ
ਇਹ ਮੈਂ ਹਾਂ : ਵੀਹ ਸੌ ਵੀਹ ਦੇ ਧਰਤ ਗ੍ਰਹਿ ਉਤੇ
ਇਕ ਮਿਸ਼ਰਤ ਇਨਸਾਨ ।

### ...ਤੇ ਮਰਦ ਬੋਲਿਆ !

ਉਹ ਤਾਂ ਸਿਰਫ਼ ਬਣੀ ਹੈ
ਖੁਰੇ ਉੱਤੇ ਭਾਂਡੇ ਧੋਣ ਵਾਸਤੇ
ਉਸ ਦੇ ਹੱਥ
ਨਹੀਂ ਹੋ ਸਕਦੇ ਕਦੀ ਕਲਮ ਵਾਸਤੇ
ਉਸ ਦਾ ਮਸਤਕ :
ਬੁੱਢੀਆਂ ਸੋਚਾਂ ਦਾ ਇਕ ਸਿਆੜ
ਕਦੀ ਨਾ ਜੋ ਜਣ ਸਕਦਾ ਕੋਈ
ਨਵਾਂ ਖ਼ਿਆਲ !

0

## ਲਹੂ ਦੀ ਜ਼ਮਾਨਤ

ਸਲੀਮ ਕਸ਼ਮੀਰੀ / ਪਾਕਿਸਤਾਨ

ਮੇਰੇ ਦੇਸ਼ ਅੰਦਰ ਹਨੇਰਾ ਹਨੇਰਾ
ਫ਼ੱਜਰਾਂ ਦੀ ਲਾਲੀ ਨੂੰ ਰਾਤਾਂ ਦਾ ਘੇਰਾ
ਸ਼ਾਇਰਾਂ ਦੀ ਸੱਧਰ ਏ ਤੀਰਾਂ ਤੇ ਟੰਗੀ
ਮਿਹਨਤ ਦੀ ਰੱਤੀ ਜ਼ਮੀਰਾਂ ਤੇ ਟੰਗੀ
ਚੋਰਾਂ ਦੇ ਹੱਥਾਂ 'ਚ ਗਾਂਧੂ ਦੀ ਫੇਰਨੀ
ਰਾਂਝਿਆਂ ਦੀ ਥਾਂ ਸਾਰੀ ਹੀਰਾਂ ਤੇ ਟੰਗੀ
ਕੈਦੋਂ ਦੇ ਮੂੰਹ ਤੇ ਸ਼ਗਨਾਂ ਦਾ ਸਿਹਰਾ

ਮੇਰੇ ਦੇਸ਼ ਅੰਦਰ ਹਨੇਰਾ ਹਨੇਰਾ
ਫ਼ੱਜਰਾਂ ਦੀ ਲਾਲੀ ਨੂੰ ਰਾਤਾਂ ਦਾ ਘੇਰਾ

ਮਿੱਟੀ ਵਿਚ ਜੰਮਿਓਂ ਮਿੱਟੀ ਬਚਾ ਲਓ
ਮਿੱਟੀ ਨੂੰ ਚੁੰਮੋ ਤੇ ਮੱਥੇ ਤੇ ਲਾ ਲਓ
ਰੁੱਖਾਂ 'ਚ ਬੱਧੀ ਏ ਮਿੱਟੀ ਵਤਨ ਦੀ
ਲਹੂ ਦੀ ਜ਼ਮਾਨਤ ਤੇ ਮਿੱਟੀ ਛੁਡਾ ਲਓ
ਮਿੱਟੀ ਤੋਂ ਲੋਅ ਮੰਗੇ ਮਿੱਟੀ ਸਵੇਰਾ

ਮੇਰੇ ਦੇਸ਼ ਅੰਦਰ ਹਨੇਰਾ ਹਨੇਰਾ
ਫ਼ੱਜਰਾਂ ਦੀ ਲਾਲੀ ਨੂੰ ਰਾਤਾਂ ਦਾ ਘੇਰਾ ।

0

## ਸ਼ਕਤੀ ਦਰ ਸ਼ਕਤੀ

ਬਲਦੇਵ ਚੀਮਾ

ਕਿਸ ਗੈਬੀ ਸ਼ਕਤੀ ਦੀ
ਚਰਚਾ ਕਰਦੇ ਹੋ ?
ਕਿਉਂ ਮਹਿਜ਼ ਹੀ
ਫ਼ਿਜ਼ਾ 'ਚ
ਕੁਸ਼ੱਤਣ ਭਰਦੇ ਹੋ ?
ਜਾਂ ਮੁੱਕ ਗਿਐ
ਸਵੈ-ਵਿਸ਼ਵਾਸ਼
ਜਾਂ ਦੁਨੀਆਂ ਤੋਂ ਡਰਦੇ ਹੋ ?

ਕਿਸ ਗੈਬੀ ਸ਼ਕਤੀ ਦੀ
ਲੋਚਾ ਕਰਦੇ ਹੋ ?
ਆਪਾ—
ਸਿਰਜਣਹਾਰ !
ਆਪਾ ਹੀ—
ਕਰਤਾਰ !

ਖਲਾਅ 'ਚ ਵਿਚਰਕੇ,
ਕੁਝ ਨਾ ਹਾਸਿਲ !
ਫ਼ੈਸਲੇ ਹੱਥ ਹੀ,
ਹੁੰਦੀ ਮੰਜ਼ਿਲ !

ਕਰਮਾਂ ਦੀ ਗੱਲ
ਇਕ ਭੁਲੇਖਾ ?

ਇਕ ਵਹਿਮ ਤੇ ਭਰਮਜਾਲਾਂ
ਦਾ ਦਰਪਣ !
ਗੈਬੀ ਸ਼ਕਤੀ,
ਸ਼ਕਤੀ ਹੀਣ !
ਆਪਾ ਹੁੰਦਾ
ਆਪ—
ਅਧੀਨ ?

0

# ਬੱਕਰੀ ਦਾ ਦੁੱਧ

— ਕਰਨੈਲ ਸਿੰਘ ਢਿੱਲੋਂ

ਉਹ ਸਵੇਰ ਨੂੰ ਸੁੱਤਾ ਉਠਦਾ ਤਾਂ ਬਾਹਰ ਦਾ ਪਿੱਤਲ ਦਾ ਭਰਿਆ ਗਲਾਸ ਪੀਕੇ ਘਰ ਮੂਹਰੇ ਦੀ ਕਾਂਦੇ ਨਾਲ ਵਿਚ ਆ ਕੇ ਬੈਠ ਜਾਂਦਾ। ਉਹ ਮਿੱਟੀ ਦੀਆਂ ਢੇਰੀਆਂ ਬਣਾ ਬਣਾ ਕੇ ਖੇਡਦਾ ਰਹਿੰਦਾ। ਉਹਨੂੰ ਖੇਡਦੇ ਨੂੰ ਕੋਈ ਨਹੀਂ ਸੀ ਪਤਾ ਲਗਦਾ ਕਿ ਦਿਨ ਕਿੰਨਾ ਕੁ ਚੜ੍ਹ ਆਇਆ ਹੈ। ਉਹਦੇ ਗਲ ਪਾਇਆ ਝੱਗਾ ਤੇ ਤੇੜ ਪਾਈ ਨਿੱਕਰ ਮਿੱਟੀ ਨਾਲ ਖਰਾਬ ਹੋ ਰਹੇ ਹੁੰਦੇ। ਮਿੱਟੀ ਦੀ ਧੂੜ ਉੱਡ ਉੱਡ ਕੇ ਉਹਦੇ ਕੋਲੇ ਦੇ ਵਾਲ ਭਰਨੇ ਜਾਂਦੇ। ਵਗਦੀ ਨਲੀ ਨੂੰ ਉਹ ਲੰਮਾ ਸਾਹ ਖਿੱਚ ਕੇ ਉਤਾਂਹ ਚੜ੍ਹਾ ਲੈਂਦਾ। ਉਹਨੂੰ ਆਪਣੀ ਖੇਡ ਐਨੀ ਪਿਆਰੀ ਸੀ ਕਿ ਉਹਨੂੰ ਇਹ ਵੀ ਪਤਾ ਨਾ ਲਗਦਾ ਕਿ ਕਦੋਂ ਘਰ ਕਿਵੇਂ ਕਿਧਰੇ ਨੂੰ ਲੋਕ ਲੰਘ ਜਾਂਦੇ ਸਨ। ਖਾਣ ਪੀਣ ਤੇ ਨਹਾਉਣ ਧੋਣ ਨਾਲੋਂ ਉਹਨੂੰ ਆਪਣੀ ਖੇਡ ਪਿਆਰੀ ਸੀ। ਮੈਂ ਜਦੋਂ ਵੀ ਉਸ ਘਰ ਵਿਚ ਦੀ ਲੰਘਦਾ ਤਾਂ ਉਹਨੂੰ ਇਸ ਹਾਲਤ ਹੀ ਵੇਖਦਾ। ਇਸ ਹਾਲਤ ਵਿਚ ਖੇਡਦਿਆਂ ਵੇਖ ਮੈਨੂੰ ਉਹਦੇ ਉਤੇ ਕਈ ਵਾਰ ਤਰਸ ਵੀ ਆਇਆ ਸੀ। ਮੈਨੂੰ ਉਹਦੇ ਭਵਿੱਖ ਦੀ ਸੋਚ ਸਤਾਉਣ ਲੱਗ ਪਈ। ਇਕ ਦਿਨ ਮੈਂ ਉਹਨੂੰ ਮਿੱਟੀ ਵਿਚ ਲਿਬੜੇ ਲਿੱਬੜੇ ਨੂੰ ਮਿੱਟੀ ਦੀਆਂ ਘੋੜੀਆਂ ਬਣਾ ਕੇ 'ਗਾਣੇ ਦੀਆਂ ਘੋੜੀਆਂ' ਆਖਦੇ ਗਾਉਂਦੇ ਨੂੰ ਪੁੱਛਿਆ, "ਤੇਰਾ ਭਈ ਨਾਂ ਕੀ ਆ?"

"ਮੇਰਾ ਨਾਂ?" ਏਨਾ ਕਹਿ ਕੇ ਉਹਨੇ ਆਪਣੀ ਨਿਗਾਹ ਮੇਰੇ ਮੂੰਹ ਵੱਲ ਕਰਕੇ ਟਿਕਟਿਕੀ ਲਾ ਲਈ।

"ਹਾਂ, ਤੇਰਾ ਨਾਂ ਕੀ ਆ?" ਮੈਂ ਫਿਰ ਦੁਹਰਾਇਆ।

"ਮੇਰਾ ਨਾਂ ਤਾਂ ਨੂੰਹਾਂ ਆਂ।" ਉਹ ਕਹਿ ਕੇ ਮੁਸਕਰਾ ਪਿਆ ਤੇ ਆਪਣੇ ਆਹਰੇ ਲੱਗ ਪਿਆ। ਮੈਨੂੰ ਉਹਦਾ ਨਾਂ 'ਨੂੰਹਾਂ' ਤੇ ਉਹਦਾ ਮੁਸਕਰਾ ਕੇ ਫਿਰ ਖੇਡਣ ਲੱਗ ਜਾਣਾ ਬੜੇ ਅਜੀਬ ਲੱਗੇ ਸਨ।

"ਤੂੰ ਪੜ੍ਹਦਾ ਕਿਉਂ ਨਹੀਂ? ਤੇਰੇ ਹਾਣੀ ਤਾਂ ਸਾਰੇ ਮੁੰਡੇ ਪੜ੍ਹਨ ਲੱਗੇ ਹੋਏ ਹਨ।"

"ਮੈਂ ਨਹੀਂ ਪੜ੍ਹਨਾ ਪੜ੍ਹਨਾ।" ਉਹਨੇ ਆਖਿਆ।

"ਕਿਉਂ, ਪੜ੍ਹਨਾ ਕਿਉਂ ਨਹੀਂ?"

"ਮਾਸਟਰ ਕੁੱਟਦੇ ਆ।" ਉਹਦਾ ਸਿੱਧਾ ਪੱਧਰਾ ਜਵਾਬ ਸੁਣਕੇ ਮੈਨੂੰ ਇਸ ਤਰ੍ਹਾਂ ਲੱਗਾ, ਜਿਵੇਂ ਉਹ ਮੇਰੇ ਕੋਲ ਮਾਸਟਰਾਂ ਦੀ ਸ਼ਿਕਾਇਤ ਕਰ ਰਿਹਾ ਹੋਵੇ। ਤੇ ਆਪਣੇ ਨਾ ਪੜ੍ਹਨ ਬਾਰੇ ਦਾ ਜ਼ਿੰਮੇਵਾਰ ਵੀ ਮਾਸਟਰਾਂ ਨੂੰ ਹੀ ਸਮਝ ਰਿਹਾ ਹੋਵੇ।

"ਤੂੰ ਸਕੂਲ ਕਿੰਨੀ ਵਾਰ ਗਿਆਂ ਏਂ?"

"ਇਕ ਵਾਰੀ ਵੀ ਨਹੀਂ।"

"ਫਿਰ ਤੈਨੂੰ ਕਿਵੇਂ ਪਤਾ ਆ ਪਈ ਮਾਸਟਰ ਕੁੱਟਦੇ ਆ?"

"ਮੁੰਡੇ ਦੱਸਦੇ ਆ।" ਉਹਨੇ ਜ਼ੋਰ ਦੀ ਸੜ੍ਹਾਕਾ ਮਾਰਿਆ ਤੇ ਫਿਰ ਮਿੱਟੀ ਦੀਆਂ ਢੇਰੀਆਂ ਬਣਾਉਣ ਲੱਗ ਪਿਆ।

ਮੈਨੂੰ ਉਹ ਜਦੋਂ ਵੀ ਮਿਲਦਾ, ਬੱਸ ਮਿੱਟੀ ਨਾਲ ਖੇਡਦਾ ਹੀ ਮਿਲਦਾ। ਮੈਂ ਉਹਨੂੰ ਵੇਖਕੇ ਉਹਦੇ ਬਾਰੇ ਨਾ ਸੋਚਣਾ ਚਾਹੁੰਦਾ ਹੋਇਆ ਵੀ ਸੋਚਣ ਲੱਗ ਪੈਂਦਾ, 'ਉਹਨੂੰ ਪੜ੍ਹਨਾ ਚਾਹੀਦਾ ਹੈ। ਜੇ ਇਹ ਸਕੂਲ ਜਾਉਣ ਲੱਗ ਪਵੇ ਤਾਂ ਇਹ ਪੜ੍ਹ ਸਕਦਾ ਹੈ। ਸਕੂਲ ਵਿਚ ਜਾਉਣਾ ਹੀ ਇਹਦੀ ਜ਼ਿੰਦਗੀ ਨੂੰ ਚੰਗੇ ਪਾਸੇ ਮੋੜ ਸਕਦਾ ਹੈ।' ਮੈਂ ਉਹਦਾ ਉੱਜਲਾ ਭਵਿੱਖ ਵੇਖਣਾ ਚਾਹੁੰਦਾ ਸੀ।

ਮੈਂ ਅਜੇ ਉਹਦੇ ਲਈ ਕੁਝ ਨਹੀਂ ਸੀ ਕੀਤਾ। ਮੈਂ ਚਾਹਿਆ ਜ਼ਰੂਰ ਸੀ ਕਿ ਉਹਦੇ ਮਾਂ-ਪਿਉ ਨੂੰ ਮਿਲ ਕੇ ਉਹਨੂੰ ਸਕੂਲ ਵਿਚ ਦਾਖਲ ਕਰਾਉਣ ਲਈ ਉਹਨਾਂ ਨਾਲ ਸਲਾਹ ਕਰਾਂ। ਇਕ ਦਿਨ ਉਹਦਾ ਪਿਉ ਉਹਨੂੰ ਨੁਹਾ ਧੁਆ ਕੇ ਤੇ ਨਵਾਂ ਝੱਗਾ ਨਿੱਕਰ ਪੁਆ ਕੇ ਸਕੂਲੇ ਲੈ ਆਇਆ।

ਹੁਣ ਨੂੰਹਾਂ ਸਕੂਲ ਜਾਉਣ ਲੱਗ ਪਿਆ ਸੀ। ਜਮਾਤ ਵਿਚ ਬੈਠਾ ਵੀ ਉਹ ਮਿੱਟੀ ਨਾਲ ਖੇਡਦਾ ਰਹਿੰਦਾ। ਪੜ੍ਹਨ ਵੱਲ ਉਹਦੀ ਕੋਈ ਰੁਚੀ ਨਹੀਂ ਸੀ। ਉਹਨੇ ਥੋੜ੍ਹੇ ਦਿਨਾਂ ਵਿਚ ਹੀ ਬਸਤਾ-ਝੋਲਾ ਦੇ ਢਸਕੇ ਉਡਾ ਦਿੱਤੇ ਸਨ। ਫੱਟੀ ਦੇ ਵੀ ਟੋਟੇ ਕਰ ਛੱਡੇ ਸਨ। ਉਹਦੇ ਕੋਲ ਨਾ ਕੋਈ ਲਿਖਣ ਲਈ ਕਲਮ ਹੁੰਦੀ ਸੀ ਤੇ ਨਾ ਹੀ ਸਿਆਹੀ।

ਦਿਨ ਲੰਘ ਰਹੇ ਸਨ, ਪਰ ਨੂੰਹਾਂ ਨਾ ਕੁੱਝ ਸਿੱਖ ਰਿਹਾ ਸੀ ਤੇ ਨਾ ਕੁੱਝ ਪੜ੍ਹ ਰਿਹਾ ਸੀ। ਉਹਦੇ ਬਸਤੇ ਵਿਚ ਕਿਤਾਬਾਂ ਕਾਪੀਆਂ ਦੀ ਥਾਂ ਸਿਗਰਟਾਂ ਦੀਆਂ ਡੱਬੀਆਂ ਦੇ ਖੋਲ ਹੁੰਦੇ। ਅੰਦਰ ਕਮਰੇ ਵਿਚ ਬੈਠਣ ਤੇ ਉਹਨੂੰ ਜਦੋਂ ਖੇਡਣ ਲਈ ਮਿੱਟੀ ਨਾ ਮਿਲਦੀ ਤਾਂ ਉਹ ਬਸਤੇ ਵਿਚੋਂ ਸਿਗਰਟਾਂ ਦੀਆਂ ਡੱਬੀਆਂ ਦੇ ਖੋਲ ਕੱਢ ਕੇ ਉਹਨਾਂ ਦੀ ਰੇਲ ਗੱਡੀ ਬਣਾ ਕੇ ਖੇਡਣ ਲੱਗ ਪੈਂਦਾ।

ਮੈਨੂੰ ਉਹਦੀ ਪੜ੍ਹਨ ਦੀ ਥਾਂ ਖੇਡਣ ਦੀ ਆਦਤ ਬਿਲਕੁਲ ਹੀ ਪਸੰਦ ਨਹੀਂ ਸੀ। ਜੇ ਮੈਂ ਉਹਨੂੰ ਪੜ੍ਹਨ ਜਾਂ ਫੱਟੀ ਲਿਖਣ ਲਈ ਆਖਦਾ ਤਾਂ ਉਹ ਸੜ੍ਹਾਕਾ ਮਾਰ ਕੇ ਮੁਸਕਰਾਉਂਦਾ ਹੋਇਆ ਬੋਲਦਾ, "ਹੈ ਪੰਜੀ ਦੇ ਕੇ।" 'ਪੰਜੀ ਦੇ ਕੇ' ਵਾਲੀ ਗੱਲ ਮੈਨੂੰ ਸ਼ਰਮਸਾਰ ਕਰ ਦਿੰਦੀ। ਮੈਂ ਕੁਝ ਖਿਝ ਹੋਇਆ ਉਹਨੂੰ ਪੁੱਛਦਾ, "ਤੂੰ ਪੰਜੀ ਕੀ ਕਰਨੀ ਆ?"

"ਮਠੂੰਤਾ ਖਾਣਾ ਆ।"

"ਮਠੂੰਤਾ ਨਹੀਂ ਖਾਈਦਾ"

## BUYING OR SELLING
## REAL ESTATE PROPERTY
## IN

# CALGARY



Contact:
**NACHHATTAR SINGH PURBA**
**Res: 272-7817**
**Off: 272-119 or 272-4925**

## EXCEL
## REALTY LTD.

3714 - 17th AVE. S.E.
CALGARY, ALTA.
T2A 0S2

## ਕੈਲਗਿਰੀ

ਵਿਚ
ਜਾਇਦਾਦ ਖ਼ਰੀਦਣ ਜਾਂ ਵੇਚਣ ਲਈ ਮਿਲੋ
ਜਾਂ ਫ਼ੂਨ ਕਰੋ।

ਨਛੱਤਰ ਸਿੰਘ ਪੁਰਬਾ


"ਲੈ ਤੇ ਹੋਰ ਕੀ ਖਾਈਦਾ ਆ? ਮੈਂ ਕਦੀ ਨਹੀਂ ਖਾਧੀ। ਪੰਜੀ ਦੇ ਦੇ ਫਿਰ।" ਉਹ ਵਾਰ ਵਾਰ ਪੰਜੀ ਲੈਣ ਬਾਰੇ ਆਖਦਾ ਰਹਿੰਦਾ।

ਮੈਂ ਕਈ ਵਾਰ ਉਹਨੂੰ ਪੰਜੀ ਦੇਣ ਬਾਰੇ ਸੋਚਦਾ ਰਹਿੰਦਾ, ਪਰ ਫਿਰ ਸੋਚ ਕਰ ਜਾਂਦਾ ਕਿ ਉਹਦੇ ਕਰਕੇ ਹੋਰ ਵੀ ਬਹੁਤ ਸਾਰੇ ਵਿਆਹੇ ਉਥੇ ਸਨ।

ਜਦੋਂ ਮੈਂ ਉਹਨੂੰ ਪੰਜੀ ਨਾ ਦਿੰਦਾ ਤਾਂ ਉਹ ਮੂੰਹ ਵੱਟ ਲੈਂਦਾ। ਜ਼ੋਰ ਦੀ ਜੁੱਤੀ ਮਾਰਦਾ ਤੇ ਆਪਣੇ ਗਲ ਪਾਏ ਝੱਗੇ ਨੂੰ ਦੰਦਾਂ ਵਿਚ ਲੈ ਕੇ ਟੁੱਕਣਾ ਸ਼ੁਰੂ ਕਰ ਦਿੰਦਾ। ਕਈ ਵਾਰੀ ਫਿੱਕਰ ਤੇ ਝੱਗਾ ਉਹਨੇ ਲੀਰਾਂ ਕਰ ਦਿੱਤੇ ਸਨ।

"ਜੇ ਪੰਜੀ ਨਹੀਂ ਦੇਣੀ ਤਾਂ ਇਕ ਸਿਗਟ ਦੇ ਦੇ।" ਕੂੰਨਾਂ ਪੰਜੀ ਦੀ ਥਾਂ ਸਿਗਟ ਦੀ ਮੰਗ ਕਰਦਾ।

"ਤੂੰ ਸਿਗਟ ਪੀ ਲੈਨਾ ਏਂ?" ਮੈਂ ਹੈਰਾਨ ਹੋ ਕੇ ਉਹਨੂੰ ਪੁੱਛਦਾ।

"ਲੈ ਤੇ ਹੋਰ ਕੀ? ਸਿਗਟ ਦੇ ਦੇ, ਮੈਂ ਬਹੁਤ ਸੋਹਣਾ ਧੂੰਆਂ ਕੱਢੂਗਾ।"

"ਮੈਂ ਤਾਂ ਸਿਗਟ ਨਹੀਂ ਪੀਂਦਾ" ਮੈਂ ਆਪਣੀ ਬੇਵਸੀ ਦੱਸਦਾ।

"ਪੀ ਲਿਆ ਕਰ, ਬਹੁਤ ਸੁਆਦ ਹੁੰਦੀ ਏ।" ਉਹ ਬੜਾ ਹਰਖਿਆ ਮੂੰਹ ਬਣਾ ਕੇ ਆਖਦਾ। ਮੈਨੂੰ ਉਹਦੀ ਇਸ ਕਦੀ ਗੱਲ ਦਾ ਕੋਈ ਜਵਾਬ ਨਾ ਅਹੁੜਦਾ ਕਿ ਉਸ ਨੂੰ ਕੀ ਕਹਾਂ?

ਕੂੰਨੇ ਦੀ ਪੰਜੀ ਤੇ ਸਿਗਰਟ ਦੀ ਮੰਗ ਬਰਕਰਾਰ ਰਹੀ। ਉਹਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕੁਝ ਨਾ ਆਇਆ। ਵਾਰ ਵਾਰ ਪੜ੍ਹਨ ਲਈ ਪ੍ਰੇਰਨ ਤੇ ਡਾਂਟਣ ਤੇ ਵੀ ਉਹਨੇ ਪੜ੍ਹਨ ਵੱਲ ਧਿਆਨ ਨਾ ਦਿੱਤਾ।

ਕੂੰਨਾਂ ਜਿਸ ਦਿਨ ਨਵਾਂ ਝੱਗਾ ਪਾ ਕੇ ਆਉਂਦਾ, ਉਸ ਤੋਂ ਦੂਜੇ ਦਿਨ ਉਸ ਝੱਗੇ ਦੇ ਬਟਨ ਟੁੱਟੇ ਹੋਏ ਹੁੰਦੇ। ਝੱਗੇ ਦੇ ਪਾਟਣ ਤੀਕਰ ਉਹ ਬਟਨ ਨਾ ਲਾਉਂਦਾ। ਬਟਨਾਂ ਦੀਆਂ ਮੋਰੀਆਂ ਵਿਚ ਉਹ ਝੱਗੇ ਦੇ ਲੜ ਅੜੁੰਗ ਲੈਂਦਾ। ਜਦੋਂ ਮੋਰੀਆਂ ਵਿਚੋਂ ਝੱਗੇ ਦੇ ਲੜ ਨਿਕਲ ਜਾਂਦੇ ਤਾਂ ਉਹਦਾ ਸਾਰਾ ਧਿਆਨ ਢਿੱਡ ਨੰਗਾ ਹੋ ਜਾਂਦਾ। ਉਹ ਹਰ ਦਿਨ ਉਧੜੇ ਝੱਗੇ ਨੂੰ ਦੇਖਕੇ ਖ਼ੁਸ਼ ਹੁੰਦਾ ਰਹਿੰਦਾ।

ਕੂੰਨਾਂ ਅਜੀਬ ਮਿੱਟੀ ਦਾ ਬਣਿਆਂ ਹੋਇਆ ਸੀ। ਉਹਨੂੰ ਸਕੂਲ ਵਿਚ ਆ ਕੇ ਪੜ੍ਹਨ ਦੀ ਕੋਈ ਪਰਵਾਹ ਨਹੀਂ ਸੀ। ਉਹ ਹਾੜੀ ਸਾਉਣੀ ਹੀ ਨਹਾਉਂਦਾ ਸੀ। ਗੰਦੇ ਤੇ ਤੇੜ ਪਾਏ ਕਪੜਿਆਂ ਦੀ ਉਹਨੂੰ ਕੋਈ ਪਰਵਾਹ ਨਾ ਹੁੰਦੀ। ਉਹਦਾ ਹਸੂੰ ਹਸੂੰ ਕਰਦਾ ਚਿਹਰਾ ਕਦੀ ਵੀ ਮੁਰਝਾਉਂਦਾ ਨਹੀਂ ਸੀ। ਜੁੱਤੀ ਮਾਰਨ ਦੀ ਆਦਤ ਵੀ ਉਹਦੀ ਪੱਕੀਆਂ ਵਾਂਗ ਹੀ ਕਾਇਮ ਸੀ।

ਮੇਰੀ ਉਸ ਸਕੂਲ ਵਿਚੋਂ ਬਦਲੀ ਹੋ ਗਈ ਤੇ ਮੈਂ ਉਥੋਂ ਚਲਾ ਗਿਆ। ਥੋੜਾ ਸਮਾਂ ਪਾ ਕੇ, ਮੈਨੂੰ ਉਥੋਂ ਦੇ ਵਿਦਿਆਰਥੀ ਤੇ ਕੂੰਨਾਂ ਵੀ ਘੱਟ ਘੱਟ ਯਾਦ ਆਉਣੇ ਸ਼ੁਰੂ ਹੋ ਗਏ।

- ਬਾਕੀ ਸਫ਼ਾ 21 ਉਪਰ

# ਸਾਡੇ ਸਮਾਜ ਵਿਚ ਪਿਆਰ ਦਾ ਸੰਕਲਪ

— ਗੁਰਬਖਸ਼ ਸੰਘ

ਪਿਆਰ ਦੇ ਸਬੰਧ ਵਿਚ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਹਜ਼ਾਰਾਂ ਸਾਲਾਂ ਤੋਂ ਪਿਆਰ ਦਾ ਜਿਹੜਾ ਸੰਕਲਪ ਸਾਡੇ ਦਿਮਾਗਾਂ ਤੇ ਭਾਰੂ ਰਿਹਾ ਹੈ ਉਹ ਅਸਲ ਵਿਚ ਪੂੰਜੀਵਾਦੀ ਸਭਿਆਚਾਰ ਦਾ ਹੀ ਪ੍ਰਭਾਵ ਹੈ। ਪੂੰਜੀਵਾਦੀ ਦੌਰ ਮਨੁਖੀ ਸਭਿਅਤਾ ਦੇ ਗੁਲਾਮਦਾਰੀ ਯੁਗ ਤੋਂ ਸ਼ੁਰੂ ਹੋ ਗਿਆ ਸੀ। ਜੇ ਪਿਆਰ ਅਤੇ ਮੁਹੱਬਤ ਦੇ ਇਨਸਾਨੀ ਜਜ਼ਬਿਆਂ ਨੂੰ ਮਨੁੱਖੀ ਸਭਿਅਤਾ ਦੇ ਪਿਛੋਕੜ ਵਿਚ ਰਖਕੇ ਦੇਖੀਏ ਤਾਂ ਅਸੀਂ ਇਸ ਸਿੱਟੇ ਤੇ ਪੁਜਾਂਗੇ ਕਿ ਮਨੁੱਖੀ ਸੁਭਾ ਦੇ ਇਹ ਦੋਨੋਂ ਲੱਛਣ ਗੁਲਾਮਦਾਰੀ ਯੁਗ ਦੇ ਇਕ ਵਿਸ਼ੇਸ਼ ਪੜਾਅ ਦੀ ਦੇਣ ਹਨ। ਜਦੋਂ ਮਨੁੱਖ ਗੁਲਾਮਾਂ ਨੂੰ ਮੰਡੀਆਂ ਦੀ ਜਿਨਸ ਵਾਂਗ ਦੂਸਰੇ ਮਾਲਕਾਂ ਕੋਲ ਵੇਚ ਦਿੰਦੇ ਸਨ ਜਾਂ ਖਰੀਦ ਲੈਂਦੇ ਸਨ ਤਾਂ ਗੁਲਾਮ ਵਰਗ ਵਿਚ ਵਿਛੋੜੇ ਦੀ ਭਾਵਨਾ ਨੇ ਉਹਨਾਂ ਵਿਚ ਇਨ੍ਹਾਂ ਜਜ਼ਬਿਆਂ ਨੂੰ ਜਗਾਇਆ। ਜਦੋਂ ਕੋਈ ਇਸਤਰੀ ਗੁਲਾਮ ਕਿਸੇ ਮਰਦ ਗੁਲਾਮ ਤੋਂ ਵਿਛੜਦੀ ਸੀ ਜਾਂ ਇਸ ਤੋਂ ਉਲਟ ਹੁੰਦਾ ਸੀ ਤਾਂ ਉਹਨਾਂ ਵਿਚ ਅੰਤਰ ਜਾਤੀ ਖਿਚ ਨੇ ਉਨ੍ਹਾਂ ਵਿਚ ਪਿਆਰ ਦੇ ਰੂਪ ਵਿਚ ਜਨਮ ਲਿਆ। ਜਦੋਂ ਇਕ ਹੀ ਜਿਨਸ ਦੇ ਦੋ ਵਿਅਕਤੀ ਇਕ ਦੂਜੇ ਤੋਂ ਵਿਛੜਦੇ ਸਨ ਤਾਂ ਮੁਹੱਬਤ ਦੀ ਭਾਵਨਾ ਉਜਾਗਰ ਹੋਈ। ਇਸ ਤਰ੍ਹਾਂ ਇਹ ਦੋਨੋਂ ਇਨਸਾਨੀ ਜਜ਼ਬੇ ਵਿਕਾਸ ਕਰਦੇ ਰਹੇ ਅਤੇ ਗੁਲਾਮ ਵਰਗ ਵਿਚ ਭਾਈਚਾਰਕ ਸਾਂਝ ਪੈਦਾ ਕਰਨ ਦੇ ਕਾਰਣ ਵੀ ਬਣੇ।

ਔਰਤ ਅਤੇ ਮਰਦ ਦੇ ਜਿਨਸੀ ਰਿਸ਼ਤਿਆਂ ਦੇ ਯਥਾਰਥ ਨੂੰ ਸਮਝਣ ਲਈ ਸਾਨੂੰ ਹਵਸ ਅਤੇ ਪਿਆਰ ਦਾ ਅਲੱਗ ਅਲੱਗ ਦ੍ਰਿਸ਼ਟੀਕੋਣ ਤੋਂ ਜਾਇਜ਼ਾ ਲੈਣਾ ਪਏਗਾ। ਹਵਸ ਤਾਂ ਮਨੁਖੀ ਸਮਾਜ ਦੇ ਮੁੱਢ ਅਰਥਾਤ ਵਹਿਸ਼ਤ ਦੇ ਯੁਗ ਤੋਂ ਹੀ ਮਨੁਖੀ ਸੁਭਾ ਦਾ ਇਕ ਵਿਸ਼ੇਸ਼ ਲੱਛਣ ਸੀ। ਇਹ ਉਹ ਹਾਲਾਤ ਸਨ ਜਦੋਂ ਮਨੁਖ ਜੰਗਲਾਂ ਵਿਚ ਪਸ਼ੂ ਪੱਧਰ ਤੇ ਹੀ ਜੀ ਰਿਹਾ ਸੀ ਅਤੇ ਉਹ ਅਜੇ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਰੋਟੀ ਅਤੇ ਸਵੈ ਰੱਖਿਆ ਲਈ ਹੀ ਸੰਘਰਸ਼ ਕਰ ਰਿਹਾ ਸੀ। ਪਿਆਰ ਅਤੇ ਮੁਹੱਬਤ ਮਨੁਖੀ ਸੋਚ ਦਾ ਅੰਗ ਓਦੋਂ ਬਣੇ ਸਨ ਜਦੋਂ ਉਹ ਵਹਿਸ਼ਤ ਦੇ ਯੁਗ ਵਿਚੋਂ ਨਿਕਲਕੇ ਸਭਿਅਤਾ ਦੇ ਯੁਗ ਵਲ ਨੂੰ ਵਿਕਾਸ ਕਰ ਰਿਹਾ ਸੀ। ਸੰਖੇਪ ਵਿਚ ਇਓਂ ਕਹਿ ਸਕਦੇ ਹਾਂ ਕਿ ਹਵਸ ਦਾ ਅਨੁਭਵ ਵਹਿਸ਼ਤ ਦੇ ਯੁਗ ਦਾ ਪ੍ਰਤੀਕ ਹੈ ਅਤੇ ਪਿਆਰ ਦਾ ਅਨੁਭਵ ਸਭਿਅਤਾ ਦੇ ਯੁਗ ਦਾ। ਹਵਸ ਤਾਂ ਮਨੁਖ ਦੀ ਨਿਰੋਲ ਸਰੀਰਕ ਲੋੜ ਸੀ ਪਰੰਤੂ ਪਿਆਰ ਜਾਂ ਮੁਹੱਬਤ ਕੇਵਲ ਸਰੀਰਕ ਅਨੁਭਵ ਹੀ ਨਹੀਂ ਸਗੋਂ ਮਾਨਸਕ ਵੀ ਹੈ।

ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਇਸ ਸਚਾਈ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਸਮਕਾਲੀ ਮਨੁੱਖੀ ਸਮਾਜ ਵਿਚ ਪਿਆਰ ਦਾ ਸੰਕਲਪ ਜਿਸ ਅਨੁਸਾਰ ਔਰਤ ਅਤੇ ਮਰਦ ਵਿਚ ਜਿਨਸੀ ਖਿਚ ਨੇ ਜੋ ਠੋਸ ਅਤੇ ਵਿਆਪਕ ਰੂਪ ਧਾਰਿਆ ਹੈ ਅਸਲ ਵਿਚ ਬੁਰਜੂਆ ਸਭਿਆਚਾਰ ਦੀ ਹੀ ਦੇਣ ਹੈ। ਇਹ ਖਿਚ ਅਕਸਰ ਵਿਰੋਧੀ ਸੈਕਸਾਂ ਵਿਚਕਾਰ ਇਤਨੀ ਭਾਰੂ ਅਤੇ ਪ੍ਰਬਲ ਹੋ ਜਾਂਦੀ ਹੈ ਕਿ ਮਨੁੱਖ ਜ਼ਿੰਦਗੀ ਦੀਆਂ ਪਦਾਰਥਕ ਲੋੜਾਂ ਨੂੰ ਵੀ ਭੁਲ ਜਾਂਦਾ ਹੈ। ਅਸੀਂ ਭਾਰਤ ਦੇ ਲੋਕ ਅਜੇਹਾ ਵਿਵਹਾਰ ਕਰਦੇ ਸਮੇਂ ਜ਼ਿੰਦਗੀ ਦੀਆਂ ਪਦਾਰਥਕ ਲੋੜਾਂ ਦੀ ਠੋਸ ਸਮੱਸਿਆ ਨੂੰ ਅਣਗੌਲਿਆਂ ਹੀ ਕਰ ਜਾਂਦੇ ਹਾਂ। ਕੀ ਵਧੀਆ ਕਪੜਾ ਵਧੀਆ ਰੋਟੀ ਅਤੇ ਵਧੀਆ ਮਕਾਨ ਦਾ ਮਸਲਾ ਜ਼ਿੰਦਗੀ ਲਈ ਘਟ ਅਹਿਮ ਹੈ? ਕਈ ਵਾਰ ਸਾਡੇ ਲੋਕ ਫਰਾਇਡਵਾਦ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਦਾ ਫੈਸਲਾ ਇਸ਼ਕ (sexcual romance) ਦੇ ਭੈੜੇ ਮਾੜੇ ਸਿਟਿਆਂ ਤੇ ਹੀ ਛੱਡ ਦਿੰਦੇ ਹਨ। ਜ਼ਿੰਦਗੀ ਵਿਚ ਪਦਾਰਥਕ ਸੁਖਾਂ ਦੀ ਘਾਟ ਅਤੇ ਵਧੀਕੀ ਵਿਚੋਂ ਵੀ ਕਈ ਇਸ਼ਕ ਸਬੰਧੀ ਬੀਮਾਰ ਰੁਚੀਆਂ ਪੈਦਾ ਹੁੰਦੀਆਂ ਹਨ। ਜਿਸ ਇਨਸਾਨ ਨੇ ਜ਼ਿੰਦਗੀ ਵਿਚ ਪਦਾਰਥਕ ਸੁਖਾਂ ਜਾਂ 'ਮੋਹ ਮਾਇਆ' ਨੂੰ ਸੰਤੋਸ਼ ਜਨਕ ਮਾਣਿਆਂ ਹੋਵੇ ਉਸ ਵਿਚ ਪਿਆਰ ਦੀਆਂ ਗੈਰ ਸਿਹਤਮੰਦ ਰੁਚੀਆਂ ਪਲਮ ਜਾਣ ਦੀ ਘਟ ਸੰਭਾਵਨਾ ਹੁੰਦੀ ਹੈ। ਉਸ ਦੀ ਪਿਆਰ-ਭਟਕਣ ਦਾ ਮਸਲਾ ਕਾਫੀ ਹਦ ਤਕ ਪਦਾਰਥਕ ਸੁਖਾਂ ਨੂੰ ਮਾਨਣ ਵਿਚ ਹੱਲ ਹੋ ਜਾਂਦਾ ਹੈ। ਅਕਸਰ ਇਹ ਦੇਖਣ ਵਿਚ ਆਇਆ ਹੈ ਕਿ ਸਾਡੇ ਜਮਾਤੀ ਸਮਾਜ ਵਿਚ ਪਦਾਰਥਕ ਸੁਖਾਂ ਤੋਂ ਊਣੇ ਲੋਕਾਂ ਵਿਚ ਮਨੋਰੰਜਨ ਅਤੇ ਦਿਲ ਪ੍ਰਚਾਵੇ ਦਾ ਕੇਂਦਰੀ ਵਿਸ਼ਾ ਜਿਨਸੀ ਰਿਸ਼ਤਿਆਂ ਦਾ ਪਿਆਰ ਹੀ ਰਹਿ ਜਾਂਦਾ ਹੈ। ਮਧ ਸ਼੍ਰੇਣੀ ਵਿਚ ਤਾਂ ਇਹ ਮਾਨਸਕ ਸੰਕਟ ਸੰਘਰਸ਼ ਅਤੇ ਕਸ਼ਮਕਸ਼ ਦਾ ਰੂਪ ਧਾਰਨ ਕਰ ਗਿਆ ਹੈ। ਰੋਜ਼ ਹੀ ਸਾਡੇ ਸਮਾਜ ਵਿਚ ਜਿਨਸੀ ਸਬੰਧਾਂ ਦੇ ਪਾਗਲਪਣ ਅਤੇ ਭਟਕਣ ਵਿਚ ਕਿੰਨੀਆਂ ਹੀ ਸਮਾਜ ਵਿਰੋਧੀ ਵਾਰਦਾਤਾਂ ਵਾਪਰ ਜਾਂਦੀਆਂ ਹਨ। ਮਧ ਸ਼੍ਰੇਣੀ ਦੇ ਲੋਕ ਪਦਾਰਥਕ ਸੁਖਾਂ ਦੀ ਊਣਤਾਈ ਨੂੰ ਸੈਕਸ ਬਾਰੇ ਬਹਿਸ ਕਰਕੇ ਪੂਰਾ ਕਰਦੇ ਹਨ। ਇਹੀ ਕਿਹਾ ਜਾ ਸਕਦਾ ਹੈ ਕਿ ਅਸਲ ਵਿਚ ਪਦਾਰਥਕ ਸਾਧਨਾਂ ਦੀ ਅਸਾਵੀਂ ਵੰਡ ਹੀ ਲੋਕਾਂ ਵਿਚ ਸੈਕਸ ਪ੍ਰਤੀ ਗੈਰ ਸਿਹਤਮੰਦ ਰਵੱਈਆ ਉਤਪੰਨ ਕਰਨ ਲਈ ਜ਼ੁੰਮੇਵਾਰ ਹੈ। ਗੁਲਸ਼ਨ ਨੰਦਾ ਮਾਰਕਾ ਨਾਵਲ ਫਿਲਮੀ ਪਤਰਕਾਵਾਂ ਅਤੇ ਰੋਜ਼ਾਨਾ ਅਖਬਾਰਾਂ ਦੇ ਸਭਿਆਚਾਰਕ ਅੰਕਾਂ ਵਿਚ ਵੀ ਪਿਆਰ ਦਾ ਖਿਆਲੀ ਸਵਰਗ ਉਸਾਰ, ਕਿਸੇ ਸੁਪਨਮਈ ਦੁਨੀਆਂ ਦਾ ਦ੍ਰਿਸ਼ ਪੇਸ਼ ਕਰਕੇ ਭਾਰਤ ਦੇ ਭੁਖੇ ਨੰਗੇ ਲੋਕਾਂ ਵਿਚ ਜਿਨਸੀ ਰਿਸ਼ਤਿਆਂ ਸਬੰਧੀ ਉਕਸਾਹਟ ਪੈਦਾ ਕਰਕੇ

ਉਨ੍ਹਾਂ ਵਿਚ ਮਨੋਵਿਗਿਆਨਕ ਪ੍ਰੇਸ਼ਾਨੀਆਂ ਪੈਦਾ ਕਰਨ ਵਿਚ ਕੋਈ ਕਸਰ ਨਹੀਂ ਛਡੀ ਜਾਂਦੀ। ਇਸ ਦਾ ਅਸਰ ਇਹ ਹੁੰਦਾ ਹੈ ਕਿ ਨੌਜਵਾਨ ਲੜਕੇ ਲੜਕੀਆਂ ਦੇ ਮਾਨਸਕ ਝੁਕਾਅ ਜ਼ਿੰਦਗੀ ਦੀਆਂ ਕਠੋਰ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਇਸ਼ਕ ਦੇ ਕਲਪਨਾ ਮਹਿਲ ਉਸਾਰਨ ਵਲ ਹੀ ਲਗੇ ਰਹਿੰਦੇ ਹਨ। ਸਮਾਜ ਦੀ ਪਿਛਲੀ ਪੀੜ੍ਹੀ ਜਿਨਸੀ ਰਿਸ਼ਤਿਆਂ ਦੀ ਸਮੱਸਿਆ ਦਾ ਹੱਲ ਧਾਰਮਕ ਜਾਂ ਅਧਿਆਤਮਕ ਵਿਸ਼ਵਾਸ ਵਿਚੋਂ ਲਭਣ ਦਾ ਉਪਦੇਸ਼ ਦਿੰਦੀ ਹੈ। ਉਹ ਅਜੇਹੀ ਜਿਨਸੀ ਕਸ਼ਮਕਸ਼ (sexual anarchy) ਦੇ ਕਾਰਣ ਸਮਾਜ ਵਿਚ ਪੈਦਾ ਹੋਏ ਧਾਰਮਕ ਨਿਘਾਰ ਅਤੇ ਨਾਸਤਕਤਾ ਸਮਝਦੇ ਹਨ। ਅਜੇਹਾ ਸੋਚਣਾ ਅਣਵਿਗਿਆਨਕ ਹੀ ਨਹੀਂ, ਸਗੋਂ ਅਣਯਥਾਰਥਕ ਵੀ ਹੈ। ਇਸ ਕਰਕੇ ਅਜੇਹੇ ਉਪਦੇਸ਼ ਮਸਲੇ ਦੀ ਜੜ੍ਹ ਤਕ ਪੁਜਕੇ ਕੋਈ ਸਾਰਥਕ ਸੇਧ ਦੇਣ ਦੀ ਥਾਂ ਸਗੋਂ ਇਹਨੂੰ ਹੋਰ ਵੀ ਉਲਝਾ ਰਹੇ ਹਨ। ਅਸਲ ਵਿਚ ਵਿਗਿਆਨਕ ਤੌਰ ਤੇ ਸੋਚਣ ਦੀ ਜੁਰਅਤ ਕਰਕੇ ਸਾਨੂੰ ਇਹ ਜਾਨਣ ਦੀ ਬਜਏ ਲੋੜ ਹੈ ਕਿ ਕੀ ਅਧਿਆਤਮਕਵਾਦ ਵਰਗਾ ਕਾਲਪਨਿਕ ਅਤੇ ਮਿਥਿਹਾਸਕ ਸਿਧਾਂਤ ਔਰਤ ਮਰਦ ਦੇ ਸਥਾਪਤ ਰਿਸ਼ਤਿਆਂ ਦੀ ਠੋਸ ਹਕੀਕਤ ਨੂੰ ਹਥ ਵੀ ਪਾ ਸਕਦਾ ਹੈ ਕਿ ਨਹੀਂ - ਇਹਨੂੰ ਹਲ ਕਰਨਾ ਤਾਂ ਇਕ ਪਾਸੇ ਰਿਹਾ। ਅਜ ਤੱਕ ਸਮਾਜ ਦਾ ਹਰ ਨਿਜ਼ਾਮ ਇਨ੍ਹਾਂ ਰਿਸ਼ਤਿਆਂ ਨੂੰ ਸਿਹਤਮੰਦ ਬਨਾਉਣ ਦੀ ਬਜਾਏ ਹੋਰ ਵੀ ਉਲਝਾਕੇ ਰਖਦਾ ਰਿਹਾ ਹੈ।

ਪੂੰਜੀਵਾਦੀ ਸਮਾਜ ਹੇਠ ਵਿਗੜੀਆਂ ਹੋਈਆਂ ਕਦਰਾਂ ਕੀਮਤਾਂ ਦੇ ਦੌਰ ਅੰਦਰ ਪਿਆਰ ਜਾਂ ਸੈਕਸ ਬਾਰੇ ਸਾਡਾ ਵਿਹਾਰ ਏਨਾ ਨਿਘਾਰ ਵਲ ਚਲਾ ਗਿਆ ਕਿ ਇਸ ਦੀ ਮਿਸਾਲ ਮਿਲਣੀ ਹੀ ਮੁਸ਼ਕਲ ਹੈ। ਆਮ ਬਜ਼ਾਰਾਂ ਅਤੇ ਪਬਲਿਕ ਨਿਊਜ਼ ਪੇਪਰ ਸਟਾਲਾਂ ਉਤੇ ਸੈਕਸ ਅਤੇ ਜਿਨਸੀ ਸਮਸਿਆਵਾਂ ਬਾਰੇ ਇਤਨੀਆਂ ਪਤਰਕਾਵਾਂ ਲੱਖਾਂ ਦੀ ਗਿਣਤੀ ਵਿਚ ਵਿਕਦੀਆਂ ਹਨ ਕਿ ਇਸ ਅੰਧਾ ਧੁੰਦ ਕਾਮ ਉਕਸਾਊ ਪ੍ਰਚਾਰ ਨੂੰ ਕੋਈ ਧਾਰਮਕ ਸੰਸਥਾ ਜਾਂ ਮਿਸ਼ਨ ਵੀ ਠਲ੍ਹ ਨਹੀਂ ਪਾ ਸਕੇ। ਇਸ ਤਰ੍ਹਾਂ ਪਿਆਰ ਇਕ ਹਵਸ ਅਤੇ ਭਟਕਣ ਬਣਕੇ ਰਹਿ ਗਿਆ ਜਾਪਦਾ ਹੈ। ਅਜੇਹੇ ਪਿਆਰ ਦੀ ਭਟਕਣ ਵਿਚੋਂ ਕਈ ਮਾਨਸਕ ਬੀਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਹੋ ਰਹੀਆਂ ਹਨ। ਬੇਚੈਨੀ ਅਤੇ ਪਰੇਸ਼ਾਨੀ ਵਿਚ ਕਈ ਵਾਰ ਤਾਂ ਅਸੀਂ ਇੰਝ ਵੀ ਸੋਚਣ ਲੱਗ ਪੈਂਦੇ ਹਾਂ ਕਿ ਸਾਨੂੰ ਸਮਾਜਕ ਮਰਿਯਾਦਾ ਦੇ ਅਸੂਲਾਂ ਦੇ ਨਵੇਂ ਪੈਮਾਨੇ ਮਿਥ ਲੈਣੇ ਚਾਹੀਦੇ ਹਨ। ਇਹ ਸਾਡੀ ਘੋਰ ਬੇਬਸੀ ਅਤੇ ਮਜਬੂਰੀ ਦੀ ਸਥਿਤੀ ਹੁੰਦੀ ਹੈ। ਸਾਡੇ ਆਲੇ ਦੁਆਲੇ ਅਜਿਹੀਆਂ ਅਨੇਕਾਂ ਹੀ ਘਟਨਾਵਾਂ ਦੀਆਂ ਮਸਾਲਾਂ ਦੇਖਣ ਸੁਣਨ ਵਿਚ ਆਉਂਦੀਆਂ ਹਨ। ਜਦੋਂ ਵਿਅਕਤੀ ਦੇ ਮਨ ਤੇ ਅਜੇਹੀ ਪਿਆਰ ਦੀ ਭਟਕਣ ਸੁਆਰ ਹੋਵੇ ਤਾਂ ਜ਼ਿੰਦਗੀ ਅਤੇ ਸਮਾਜ ਲਈ ਕੋਈ ਉਸਾਰੂ ਰੋਲ ਨਹੀਂ ਨਿਭਾ ਸਕਦਾ। ਅਜੇਹੇ ਵਾਤਾਵਰਣ ਵਿਚ ਤਾਂ ਸਭ ਨੂੰ ਆਪਣੀ ਹੀ ਆਰਥਕ ਅਤੇ ਜਿਨਸੀ ਹਵਸ ਪੂਰੀ ਕਰਨ ਦੀ ਪਈ ਹੋਈ ਹੁੰਦੀ ਹੈ। ਭਾਰਤ ਵਿਚ ਸੈਕਸ ਦੇ ਪ੍ਰਚਾਰ ਅਤੇ ਪਸਾਰ ਦੇ ਸੰਬੰਧ ਵਿਚ ਅਮਰੀਕਾ ਦੀ ਪ੍ਰਸਿਧ ਨਾਵਲਕਾਰ ਸਵਰਗੀਯ ਪਰਲ ਐਸ ਬੱਕ ਨੇ ਆਪਣੀ ਭਾਰਤ ਫੇਰੀ ਤੇ ਕੁਝ ਟਿਪਣੀਆਂ ਐਵੇਂ ਨਹੀਂ ਦਿੱਤੀਆਂ ਸਨ। ਉਹ ਇਥੇ ਸਾਡੇ ਵੱਡੇ ਨਗਰਾਂ ਵਿਚ ਘੁੰਮੇ ਅਤੇ ਪਬਲਿਕ ਸਥਾਨਾਂ ਤੇ ਵੀ ਗਏ। ਉਹਨਾਂ ਨੇ ਭਿੰਨ ਭਿੰਨ ਥਾਵਾਂ ਤੇ ਯਾਤਰਾ ਕਰਨ ਪਿਛੋਂ ਕਿਸੇ ਪੱਤਰਕਾਰ ਨਾਲ ਆਪਣੀ ਗੁਫਤਗੂ ਵਿਚ ਕਿਹਾ ਕਿ ਉਸ ਨੇ ਦੇਸ਼ ਭਰ ਵਿਚ ਸਫ਼ਰ ਕਰਨ ਪਿਛੋਂ ਦੇਖਿਆ ਹੈ ਕਿ ਇਥੇ ਆਮ ਪਬਲਿਕ ਸਥਾਨਾਂ ਰੇਲਵੇ ਸਟੇਸ਼ਨਾਂ, ਬਸ ਸਟੈਂਡਾਂ, ਬਜ਼ਾਰਾਂ ਅਤੇ ਬੁੱਕ ਸਟਾਲਾਂ ਤੇ ੪੦ ਪ੍ਰਤੀਸ਼ਤ ਕਿਤਾਬਾਂ ਅਤੇ ਰਸਾਲੇ ਸੈਕਸ ਬਾਰੇ, ਸੈਕਸ ਦੀਆਂ ਸਮਸਿਆਵਾਂ ਜਾਂ ਬੀਮਾਰੀਆਂ ਬਾਰੇ ਹੀ ਹਨ, ਜੋ ਗਿਣਤੀ ਵਿਚ ਦੁਨੀਆਂ ਵਿਚ ਸਭ ਤੋਂ ਵਧ ਹੈ। ਇਸ ਤਰ੍ਹਾਂ ਏਨੀ ਭਾਰੀ ਗਿਣਤੀ ਵਿਚ ਇਹ ਪੱਤਰਕਾਵਾਂ ਤੇ ਕਿਤਾਬਾਂ ਵਿਕਦੀਆਂ ਵੇਖਕੇ ਉਸ ਨੇ ਕਿਹਾ, "ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਹੈ ਜਿਵੇਂ ਕਿ ਹਿੰਦੋਸਤਾਨ ਦੇ ਲੋਕ ਜਿਨਸੀ ਰਿਸ਼ਤਿਆਂ ਬਾਰੇ ਬਹੁਤ ਹੀ ਫ਼ਿਕਰਮੰਦ ਹੋਣ।"

ਪਿਆਰ ਦੇ ਵਿਸ਼ੇ ਦੇ ਸਬੰਧ ਵਿਚ ਰਵਾਇਤੀ ਦੌਰ ਦੇ ਦੋ ਸਿਧਾਂਤ ਇਸ਼ਕ ਹਕੀਕੀ ਅਤੇ ਮਜਾਜ਼ੀ ਮੰਨੇ ਜਾਂਦੇ ਹਨ। ਇਸ਼ਕ ਦੇ ਇਹ ਦੋਵੇਂ ਸਿਧਾਂਤ ਅਸਲ ਵਿਚ ਸੂਫੀ ਕਾਲ ਦੀ ਹੀ ਦੇਣ ਹਨ। ਸੂਫੀ ਸੰਤ ਪ੍ਰੇਮੀ ਜੋੜਿਆਂ ਦੇ ਦੁਖਾਂਤਕ ਅੰਤ ਨੂੰ ਅਗਲੇ ਜਨਮ (ਪੁਨਰ ਜਨਮ) ਦੀ ਕਲਪਨਾ ਵਿਚ ਰਖਕੇ ਸੁਖਾਂਤ ਬਣਾਉਣ ਦਾ ਸਿਧਾਂਤ ਪੇਸ਼ ਕਰਦੇ ਰਹੇ ਹਨ। ਸਰੀਰਕ ਰੂਪ ਵਿਚ ਪਿਆਰ ਦੇ ਮਾਨਣ ਦੇ ਮਤ ਨੂੰ ਉਨ੍ਹਾਂ ਇਸ਼ਕ ਮਜਾਜ਼ੀ ਅਤੇ ਮਾਨਸਕ ਤੌਰ ਤੇ ਪਿਆਰ ਨੂੰ ਮਹਿਸੂਸ ਕਰਨ ਦੇ ਮਤ ਨੂੰ ਉਨ੍ਹਾਂ ਇਸ਼ਕ ਹਕੀਕੀ ਦਾ ਨਾਂ ਦਿਤਾ। ਪਰ ਯਥਾਰਥ ਵਿਚ ਇਹਨਾਂ ਪਿਆਰ ਦੇ ਦੋਨਾਂ ਮਤਾਂ ਵਿਚ ਕੋਈ ਖਾਸ ਫਰਕ ਨਹੀਂ ਹੈ। ਇਸ਼ਕ ਹਕੀਕੀ ਮਨੋਵਿਗਿਆਨਕ ਪੱਖ ਤੋਂ ਇਸ਼ਕ ਮਜਾਜ਼ੀ ਦਾ ਸੋਧਿਆ ਹੋਇਆ ਰੂਪ (Sublimated form) ਹੀ ਹੈ। ਔਰਤ ਮਰਦ ਵਿਚਕਾਰ ਕੋਈ ਆਪਸੀ ਰਿਸ਼ਤਾ ਸਥਾਪਤ ਹੋਣ ਤੋਂ ਪਹਿਲਾਂ ਜਾਂ ਸ਼ੁਰੂ ਵਿਚ ਹਮੇਸ਼ਾ ਪਿਆਰ ਹਕੀਕੀ ਹੁੰਦਾ ਹੈ। ਉਨ੍ਹਾਂ ਦਾ ਅਮਲੀ ਰੂਪ ਵਿਚ ਕੋਈ ਮਿਲਾਪ ਨਾ ਹੋਣ ਕਾਰਣ ਉਹ ਇਕ ਦੂਜੇ ਨਾਲ ਭਾਵਨਾਵਾਂ ਜਾਂ ਜਜ਼ਬਾਤਾਂ ਰਾਹੀਂ ਆਪਸੀ ਸਾਂਝ ਪੈਦਾ ਕਰ ਲੈਂਦੇ ਹਨ। ਜਦੋਂ ਉਨ੍ਹਾਂ ਦੀਆਂ ਆਪਸ ਵਿਚ ਪੈਦਾ ਹੋਈਆਂ ਭਾਵਨਾਵਾਂ ਨੂੰ ਅਮਲੀ ਰੂਪ ਮਿਲਦਾ ਹੈ ਤਾਂ ਇਹ ਇਸ਼ਕ ਮਜਾਜ਼ੀ ਬਣ ਜਾਂਦਾ ਹੈ। ਇਸ਼ਕ ਮਜਾਜ਼ੀ ਕਿਉਂ ਕਿ ਇਸ਼ਕ ਹਕੀਕੀ ਦਾ ਅਮਲੀ ਰੂਪ ਹੁੰਦਾ ਹੈ ਇਸ ਲਈ ਇਹ ਪਿਆਰ ਦਾ ਸਿਖਰ (climax) ਹੁੰਦਾ ਹੈ। ਔਰਤ ਮਰਦ ਦਾ ਹਰ ਹਕੀਕੀ ਪਿਆਰ ਇਸ਼ਕ ਮਜਾਜ਼ੀ ਤੇ ਆ ਕੇ ਖਤਮ ਹੋ ਜਾਂਦਾ ਹੈ। ਇਸ਼ਕ ਹਕੀਕੀ ਨੂੰ ਮਨੋਵਿਗਿਆਨਕ ਹਕੀਕਤ ਵਿਚ ਰਹਿਣ ਦੇਣ ਦੀ ਬਜਾਇ ਸੂਫੀ ਸੰਤਾਂ ਨੇ ਇਸ ਉਤੇ ਧਾਰਮਕ ਆਦਰਸ਼ਵਾਦ ਦਾ ਗਲੇਫ ਚਾੜ੍ਹ ਦਿਤਾ ਸੀ

ਪਿਆਰ ਬਾਰੇ ਜੋ ਸਭ ਤੋਂ ਵੱਡਾ ਪਹਿਲੂ ਸਾਡੇ ਸਾਹਮਣੇ ਉਭਰਕੇ ਆਂਦਾ ਹੈ ਉਹ ਹੈ ਸਮਾਜ ਦੀ ਬਣਤਰ ਦਾ

ਅਧਾਰ । ਅਜ ਤਕ ਸਾਡਾ ਸਮਾਜ—ਆਰਥਕ ਤੌਰ ਤੇ ਦੋ ਜਮਾਤਾਂ—ਗਰੀਬਾਂ ਅਤੇ ਅਮੀਰਾਂ ਵਿਚ ਵੰਡਿਆ ਰਿਹਾ ਹੈ । ਜਮਾਤੀ ਸਮਾਜ ਵਿਚ ਜਮਾਤੀ ਪਿਆਰ ਹੀ ਸੰਭਵ ਹੁੰਦਾ ਹੈ । ਗਰੀਬ ਕਿਸੇ ਗਰੀਬ ਨੂੰ ਆਪਣਾ ਬਣਾ ਕੇ ਜੋ ਤਸੱਲੀ ਅਤੇ ਖੁਸ਼ੀ ਮਹਿਸੂਸ ਕਰਦਾ ਹੈ ਉਹ ਅਜੇਹਾ ਕਿਸੇ ਅਮੀਰ ਨਾਲ ਮਿਲ ਵਰਤ ਕੇ ਨਹੀਂ ਕਰ ਸਕਦਾ । ਏਹੋ ਸੱਚ ਅਮੀਰਾਂ ਬਾਰੇ ਵੀ ਇਵੇਂ ਹੀ ਹੈ । ਪਰ ਅਭਿਆਸ ਅਤੇ ਸਮਾਜੀ ਅਮਲ ਵਿਚ ਇਹ ਵੇਖਣ ਨੂੰ ਆਇਆ ਹੈ ਕਿ ਅਮੀਰ ਲੜਕੇ ਦੀ ਅਮੀਰ ਲੜਕੀ ਨਾਲ ਪ੍ਰੀਤ ਤਾਂ ਨੇਪਰੇ ਚੜ੍ਹ ਹੀ ਜਾਂਦੀ ਹੈ ਪਰ ਜੇ ਕੋਈ ਗਰੀਬ ਲੜਕਾ ਜਾਂ ਲੜਕੀ ਸੁਹਿਰਦ ਰਹਿਕੇ ਵੀ ਇਸ਼ਕ ਕਰਨ ਤਾਂ ਉਹਨਾਂ ਦਾ ਪਿਆਰ ਸਫਲ ਨਹੀਂ ਹੁੰਦਾ । ਅਸਲ ਵਿਚ ਅਸਾਵੀਂ ਆਰਥਕ ਵੰਡ ਨੇ ਗਰੀਬਾਂ ਅਤੇ ਅਮੀਰਾਂ ਦੇ ਸਭਿਆਚਾਰਾਂ ਦੇ ਸੰਤੁਲਨ ਨੂੰ ਵਿਗਾੜ ਦਿਤਾ ਹੈ । ਪੂੰਜੀ ਪਤੀ ਖਾਨਦਾਨ ਵਿਦੇਸ਼ੀ ਪੜ੍ਹਾਈ ਲਿਖਾਈ ਅਤੇ ਪ੍ਰਚਾਰ ਅਤੇ ਸਭਿਆਚਾਰਕ ਪ੍ਰਭਾਵ ਹੇਠ ਬਹੁਤ ਸਾਰੀਆਂ ਰੂੜ੍ਹੀਗਤ ਰੀਤਾਂ ਅਤੇ ਸੰਸਕਾਰਾਂ ਨੂੰ ਛਡ ਚੁਕੇ ਹਨ । ਇਸ ਲਈ ਪੂੰਜੀ ਪਤੀ ਖਾਨਦਾਨਾਂ ਵਿਚਕਾਰ ਲੜਕੇ ਲੜਕੀਆਂ ਦੇ ਪ੍ਰੀਤ ਰਿਸ਼ਤੇ ਸਹਿਜੇ ਹੀ ਪ੍ਰੀਤ ਵਿਆਹ ਵਿਚ ਬਦਲ ਜਾਂਦੇ ਹਨ । ਪਰ ਜੇ ਕੋਈ ਗਰੀਬ ਲੜਕਾ ਜਾਂ ਲੜਕੀ ਆਪਣੀ ਹੀ ਜਾਤੀ ਜਾਂ ਬਰਾਦਰੀ ਵਿਚ ਇਸ਼ਕ ਕਰੇ ਤਾਂ ਸਮਾਜ ਦੀਆਂ ਸਥਾਪਤ ਕਵਾਇਦਾਂ ਅਤੇ ਉਨ੍ਹਾਂ ਦੀਆਂ ਆਪਣੀਆਂ ਆਰਥਕ ਮਜਬੂਰੀਆਂ ਉਹਨਾਂ ਨੂੰ ਲੈ ਡੁਬਦੀਆਂ ਹਨ । ਅਜੇਹਾ ਇਸ ਕਰਕੇ ਹੁੰਦਾ ਹੈ ਕਿਉਂਕਿ ਗਰੀਬ ਪੈਸੇ ਦੇ ਜ਼ੋਰ ਨਾਲ ਸਮਾਜ ਕੋਲੋਂ ਆਪਣੇ ਪਿਆਰ ਦੀ ਪਰਵਾਨਗੀ ਨਹੀਂ ਲੈ ਸਕਦਾ । ਗਰੀਬ ਜਮਾਤ ਆਪ ਹੀ ਆਪਣੀ ਰੂੜ੍ਹੀਗਤ ਬਣਤਰ ਸਦਕਾ ਆਪਣੇ ਧੀਆਂ ਪੁਤਰਾਂ ਨੂੰ ਅਜੇਹਾ ਕਰਨ ਲਈ ਇਜਾਜ਼ਤ ਦੇਣ ਦੀ ਜੁਰਅਤ ਵੀ ਨਹੀਂ ਕਰਦੀ । ਇਸ ਵਿਚ ਹੀਣਤਾ ਦਾ ਅਹਿਸਾਸ ਵੀ ਉਹਨਾਂ ਨੂੰ ਮਾਰ ਜਾਂਦਾ ਹੈ ।

ਸਹਿਰਾਂ ਵਿਚ ਫੈਸ਼ਨ ਦੀ ਤੜਕ ਭੜਕ ਅਤੇ ਦਿਖ ਵੇ ਦੇ ਪ੍ਰਭਾਵ ਹੇਠ ਜਿਨਸੀ ਪਿਆਰ ਦੇ ਪ੍ਰਗਟਾਅ ਅਤੇ ਰਿਸ਼ਤਿਆਂ ਵਿਚ ਇਤਨਾ ਬਨਾਵਟੀਪਣ ਆ ਗਿਆ ਹੈ ਕਿ ਲਗਦਾ ਹੈ ਜਿਵੇਂ ਅਸੀਂ ਪਿਆਰ ਦੇ ਅਸਲੀ ਮੰਤਵ ਅਤੇ ਆਦਰਸ਼ ਤੋਂ ਬਹੁਤ ਹੀ ਦੂਰ ਆ ਗਏ ਹੋਈਏ ।

ਪਰੰਪਰਾਤਮਕ ਪੱਖ ਤੋਂ ਵੇਖਿਆ ਜਾਵੇ ਤਾਂ ਹੀਰ ਰਾਂਝੇ ਦੇ ਪਿਆਰ ਨੂੰ ਸਾਡੇ ਸਮਾਜ ਵਿਚ ਆਦਰਸ਼ ਪਿਆਰ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਰਿਹਾ ਹੈ । ਇਹ ਹੈ 'ਕਲਾ ਲਈ ਕਲਾ' ਵਾਲੇ ਸਿਧਾਂਤ ਦੇ ਸਮਰਥਨ ਵਾਂਗ ਪਿਆਰ ਦੀ ਖਾਤਰ ਪਿਆਰ ਦਾ ਸਿਧਾਂਤ। ਇਹ ਪ੍ਰੀਤ ਕਹਾਣੀ ਇਤਿਹਾਸ ਦੇ ਉਸ ਯੁਗ ਦੀ ਹੈ ਜਦੋਂ ਸਾਡੇ ਸਮਾਜ ਵਿਚ ਜਗੀਰਦਾਰੀ ਅਤੇ ਰਜਵਾੜਾ ਸ਼ਾਹੀ ਪੂਰੇ ਜੋਬਨ ਤੇ ਸੀ । ਹੀਰ ਰਾਂਝੇ ਦੇ ਪਿਆਰ ਦਾ ਦੁਖਾਂਤਕ ਅੰਤ ਅਸਲ ਵਿਚ ਉਸ ਸਮੇਂ ਦੇ ਜਗੀਰੂ ਪ੍ਰਬੰਧ ਦੀਆਂ ਗਲਤ ਅਤੇ ਉਲਾਰੂ ਕਦਰਾਂ ਕੀਮਤਾਂ ਦਾ ਹੀ ਨਤੀਜਾ ਹੈ । ਜਿਸ ਪਿਆਰ ਦਾ ਸਮਾਜਕ ਜੀਵਨ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ ਉਹ ਅਖੀਰ ਨਿਪੁੰਸਕ ਹੋ ਕੇ ਹੀ ਰਹਿ ਜਾਂਦਾ ਹੈ । ਹੀਰ ਅਤੇ ਰਾਂਝਾ ਆਪਣੇ ਪ੍ਰੀਤ ਅਡੰਬਰ ਵਿਚ ਜਿਸ ਤਰ੍ਹਾਂ ਸਮਾਜਕ ਯਥਾਰਥ ਨਾਲੋਂ ਟੁਟਕੇ ਦੂਰ ਚਲੇ ਗਏ ਸਨ ਉਹ ਦੋਨੋਂ ਹੀ ਅਸਲ ਵਿਚ ਮਾਨਸਕ ਉਲਾਰ ਦਾ ਸ਼ਿਕਾਰ ਹੋ ਗਏ ਸਨ । ਯਥਾਰਥਕ ਪਖ ਤੋਂ ਇਹ ਵੀ ਬੜੀ ਸ਼ਕ ਵਾਲੀ ਗਲ ਹੈ ਕਿ ਹੀਰ ਰਾਂਝੇ ਦਾ ਆਪਸੀ ਪਿਆਰ ਸਤਾਰਾਂ ਅਠਾਰਾਂ ਸਾਲ ਸਿਰਫ ਮਾਨਸਕ ਅਨੁਭਵ ਹੀ ਰਿਹਾ ਹੋਵੇ ਅਤੇ ਅਖੀਰ ਤਕ ਉਹਨਾਂ ਨੇ ਪਿਆਰ ਦਾ ਸਰੀਰਕ ਅਨੁਭਵ ਹੀ ਨਾ ਕੀਤਾ ਹੋਵੇ । **ਪਿਆਰ ਨੂੰ ਆਪਣੀ ਵਿਅਕਤੀਗਤ ਦੁਨੀਆਂ ਤਕ ਸੀਮਤ ਰਖਣਾ ਜ਼ਿੰਦਗੀ ਅਤੇ ਸਮਾਜ ਦੋਨਾਂ ਨਾਲ ਧ੍ਰੋਹ ਹੋਵੇਗਾ ।** ਲੋੜ ਹੈ ਕਿ ਅਸੀਂ ਪਿਆਰ ਨੂੰ ਸਮਾਜਕ ਜੀਵਨ ਦੇ ਦਰਪਨ ਵਿਚੋਂ ਵੇਖੀਏ । ਅਜ ਪੂੰਜੀਵਾਦੀ ਸਮਾਜਕ ਪ੍ਰਬੰਧ ਵਿਚ ਰਾਝਾ ਆਪਣੀ ਆਰਥਕ ਸਮਰੱਥਾ ਦਾ ਨਜਾਇਜ਼ ਫਾਇਦਾ ਉਠਾਕੇ ਰੋਜ਼ ਹੀ ਨਵੀਆਂ ਹੀਰਾਂ ਭਾਲਦਾ ਹੈ ਅਤੇ ਹੀਰ ਰੋਜ਼ ਹੀ ਨਵੇਂ ਰਾਂਝੇ, ਪੈਸੇ ਦੀ ਹਵਸ ਨੇ ਮਨੁੱਖ ਕੋਲੋਂ ਮਨੁਖ ਨਾਲ ਪਿਆਰ ਕਰਨ ਦੇ ਜਜ਼ਬੇ ਨੂੰ ਖੋਹ ਲਿਆ ਹੈ ਜਿਵੇਂ ਪੈਸੇ ਦੀ ਹਵਸ ਨੇ ਇਨਸਾਨ ਨੂੰ ਹਵਾਨ ਬਣਾ ਦਿਤਾ ਹੈ ਇਸਤਰ੍ਹਾਂ ਪਿਆਰ ਵੀ ਮਨੁੱਖੀ ਸੁਭਾ ਲਈ ਹਵਸ ਬਣਕੇ ਰਹਿ ਗਿਆ ਹੈ । ਪਿਆਰ ਨੇ ਜ਼ਿੰਦਗੀ ਦੀ ਬਿਹਤਰੀ ਲਈ ਸਮਾਜ ਦੀ ਉਸਾਰੀ ਲਈ ਰੋਲ ਅਦਾ ਕਰਨਾ ਹੈ । ਚੀਨ ਅਤੇ ਰੂਸ ਵਰਗੇ ਸਮਾਜਵਾਦੀ ਸਮਾਜਾਂ 'ਚ ਔਰਤ ਮਰਦ ਦੇ ਸਿਹਤਮੰਦ ਰਿਸ਼ਤਿਆਂ ਵਿਚਕਾਰ ਪਿਆਰ ਦਾ ਨਵ ਲੋਕ ਵਾਦੀ ਸੰਕਲਪ ਉਸਾਰ ਕੇ—ਸਮਾਜ ਅਤੇ ਸਮਾਜਕ ਜੀਵਨ ਦੀ ਰੂਪ-ਰੇਖਾ ਹੀ ਬਦਲ ਦਿਤੀ ਹੈ । ਪਿਆਰ ਦਾ ਜਿਹੜਾ ਸੰਕਲਪ ਜ਼ਿੰਦਗੀ ਲਈ ਘਾਤਕ ਸਿਧ ਹੋ ਰਿਹਾ ਹੋਵੇ ਤਾਂ ਹੀ ਬਦਲਿਆ ਜਾ ਸਕਦਾ ਹੈ ਜੇ ਅਸੀਂ ਅਜ ਦੀ ਸਥਾਪਤ ਸਮਾਜਕ-ਬਣਤਰ ਨੂੰ ਢਾਹ ਕੇ—ਸਮਾਜ ਦੇ ਸਮੁੱਚੇ ਆਰਥਕ ਰਿਸ਼ਤਿਆਂ ਦੇ ਤੌਣੇ ਬਾਣੇ ਨੂੰ ਬੁਨਿਆਦੀ ਤੌਰ ਤੇ ਬਦਲ ਦੇਈਏ ।

ਮਹਾਨ ਏਂਜਲਜ਼ ਦੇ ਇਨ੍ਹਾਂ ਸ਼ਬਦਾਂ ਨਾਲ ਇਹ ਨਿਬੰਧ ਸਮਾਪਤ ਕੀਤਾ ਜਾਂਦਾ ਹੈ : "ਪੂੰਜੀਵਾਦੀ ਪੈਦਾਵਾਰੀ ਪ੍ਰਬੰਧ ਦੇ ਮਿਟ ਜਾਣ ਮਗਰੋਂ ਜਿਨਸੀ ਸਬੰਧਾਂ ਦਾ ਕੀ ਰੂਪ ਹੋਵੇਗਾ । ਇਸ ਬਾਰੇ ਅਜ ਅਸੀਂ ਜੋ ਅਨੁਮਾਨ ਲਾ ਸਕਦੇ ਹਾਂ ਨਾਕਾਫੀ ਹੋਵੇਗਾ, ਅਰਥਾਤ ਵਧੇਰੇ ਉਹ ਅਨੁਮਾਨ ਕੇਵਲ ਇਸ ਹਦ ਤਕ ਹੈ ਕਿ ਕਿਹੜੀਆਂ ਚੀਜ਼ਾਂ ਮਿਟ ਜਾਣਗੀਆਂ ਪਰ ਕਿਹੜੀਆਂ ਨਵੀਆਂ ਖਸੂਸੀਅਤਾਂ ਹਨ ਜਿਨ੍ਹਾਂ ਵਿਚ ਵਾਧਾ ਹੋਵੇਗਾ । ਇਸ ਦਾ ਫੈਸਲਾ ਉਸ ਸਮੇਂ ਹੋਵੇਗਾ ਜਦ ਇਕ ਨਵੀਂ ਨਸਲ ਪਰਵਾਨ ਚੜ੍ਹ ਚੁਕੀ ਹੋਵੇਗੀ, ਉਹ ਅਜੇਹੇ ਮਰਦਾਂ ਦੀ ਨਸਲ ਹੋਵੇਗੀ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਕਿਸੇ ਔਰਤ ਦਾ ਸੱਤ ਚਾਂਦੀ ਦੇ ਕੁਝ ਸਿੱਕਿਆਂ ਦੇ ਬਦਲੇ ਨਹੀਂ ਖਰੀਦਿਆ ਹੋਵੇਗਾ ਅਤੇ ਨਾ ਇਸ ਨੂੰ ਪ੍ਰਾਪਤ ਕਰਨ ਲਈ ਕਿਸੇ ਹੋਰ ਤਰ੍ਹਾਂ ਦੇ ਸਮਾਜੀ ਅਧਿਕਾਰ ਤੋਂ ਕੰਮ ਲਿਆ ਹੋਵੇਗਾ । ਉਹ ਅਜੇਹੀਆਂ ਔਰਤਾਂ ਦੀ ਨਸਲ ਹੋਵੇਗੀ ਜਿਹੜੀ ਸੱਚੇ ਪਿਆਰ ਤੋਂ ਬਿਨਾਂ ਹੋਰ ਕਿਸੇ ਕਾਰਣ ਆਪਣੇ ਆਪ ਨੂੰ ਕਿਸੇ ਮਰਦ ਦੇ ਹਵਾਲੇ ਕਰਨ ਤੇ ਮਜਬੂਰ ਨਹੀਂ ਹੋਵੇਗੀ ਅਤੇ ਨਾ ਇਹਨਾਂ ਨੂੰ ਆਰਥਕ ਮਜਬੂਰੀਆਂ ਦੇ ਡਰ ਤੋਂ ਆਪਣੇ ਪ੍ਰੇਮੀ ਨਾਲ ਵਿਆਹ ਦਾ ਵਿਚਾਰ ਛੱਡਣਾ

—ਬਾਕੀ ਸਫਾ 15 ਉਪਰ

ਪੁਸਤਕ ਪੜਚੋਲ
ਅਜਮੇਰ ਰੋਡੇ

# ਤਿੰਨ ਕੋਣ

ਲੇਖਕ: ਇਕਬਾਲ, ਸੁਰਿੰਦਰ ਧੰਜਲ, ਤੇ ਸੁਖਿੰਦਰ

ਪ੍ਰਕਾਸ਼ਕ : ਵਤਨੋਂ ਦੂਰ ਪਬਲੀਕੇਸ਼ਨਜ਼, ਵੈਨਕੂਵਰ
ਛਾਪਕ : ਇੰਡੋ ਕਾਮਰਸ ਪ੍ਰਿੰਟਰਜ਼, ਕੈਨੇਡਾ
ਕੀਮਤ : ਤਿੰਨ ਡਾਲਰ

"ਤਿੰਨ ਕੋਣ" ਪੰਜਾਬੀ ਕਵਿਤਾ ਦੀ ਨਵੀਂ ਪੁਸਤਕ ਹੈ। ਲੇਖਕ ਕੈਨੇਡਾ ਵਿਚ ਰਹਿੰਦੇ ਤਿੰਨੇ ਕਵੀ ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਅਤੇ ਸੁਖਿੰਦਰ ਹਨ — ਤਿੰਨੇ ਜਾਣੇ ਪਛਾਣੇ ਨਾਂ ਹਨ ਅਤੇ ਅੱਜ ਕੱਲ੍ਹ ਇਹ ਤਿੰਨੇ ਯੂਨੀਵਰਸਿਟੀਆਂ ਵਿਚ ਉਚੇਰੀ ਵਿਦਿਆ ਦੇ ਵਿਦਿਆਰਥੀ ਹਨ। "ਤਿੰਨ ਕੋਣ" ਕਈਆਂ ਗੱਲਾਂ ਕਰਕੇ ਪੰਜਾਬੀ ਵਿਚ ਇਕ ਨਵੇਕਲੀ ਪੁਸਤਕ ਹੈ। ਇਸ ਦੇ ਲੇਖਕ ਪ੍ਰਕਾਸ਼ਕ ਅਤੇ ਛਾਪਕ ਸਭੇ ਕਨੇਡੀਅਨ ਪੰਜਾਬੀ ਹਨ। ਸਾਰੀ ਪੁਸਤਕ ਸੁਰਿੰਦਰ ਧੰਜਲ ਦੀ ਖ਼ੂਬਸੂਰਤ ਹੱਥ-ਲਿਖਤ ਵਿਚ ਸੰਜੋਈ ਗਈ ਹੋਈ ਹੈ ਜਿਸ ਕਰਕੇ ਇਹ ਪੁਸਤਕ ਆਮ ਪੁਸਤਕਾਂ ਨਾਲੋਂ ਵਧੇਰੇ ਕਲਾਮਈ ਲਗਦੀ ਹੈ — ਇਸ ਦਾ ਲੰਮਾ ਸਾਈਜ਼ (5½"x10"), ਮੋਟਾ ਕਾਗਜ਼, ਚਿਤਰਾਂ ਦੀ ਛਪਾਈ ਦੀ ਦੁਰੰਗੀ (ਡਿਜ਼ਾਇਨ ਨਾਲ) ਪੇਸ਼ਕਾਰੀ ਵੀ ਇਸ ਨੂੰ ਹੋਰ ਪੰਜਾਬੀ ਪੁਸਤਕਾਂ ਨਾਲੋਂ ਵਖਰਿਆਉਂਦੇ ਹਨ। ਇਨ੍ਹਾਂ ਕਾਰਨਾਂ ਸਦਕਾ ਇਸ ਪੁਸਤਕ ਦਾ ਕੈਨੇਡਾ ਵਿਚ ਛਪਣ ਵਾਲੀਆਂ ਪੰਜਾਬੀ ਪੁਸਤਕਾਂ ਵਿਚ ਇਕ ਵਿਸ਼ੇਸ਼ ਸਥਾਨ ਰਹੇਗਾ।

ਪੁਸਤਕ ਵਿਚ ਸ਼ਾਮਿਲ ਇਕਬਾਲ ਦੀਆਂ ਪੰਜ ਕਵਿਤਾਵਾਂ ਦੇ ਵਿਸ਼ੇ ਅਤੇ ਸੁਰ ਇਕਦਮ ਸਪਸ਼ਟ ਹਨ — ਇਕਬਾਲ ਸਮਾਜ ਦਾ ਮਾਰਕਸਵਾਦੀ ਵਿਸ਼ਲੇਸ਼ਣ ਕਰਦਾ ਹੈ। ਆਪਣੀਆਂ ਕਵਿਤਾਵਾਂ ਰਾਹੀਂ ਆਰਥਕ ਪੱਖੋਂ ਸਭ ਤੋਂ ਹੇਠਾਂ ਵਾਲੀ ਸ਼੍ਰੇਣੀ ਨਾਲ ਇਕਮਿਕ ਹੁੰਦਾ ਹੈ; ਦਬੇ ਕੁਚਲੇ ਲੋਕਾਂ ਦੀਆਂ ਮਜਬੂਰੀਆਂ, ਉਨ੍ਹਾਂ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਜਾਬਰ ਸ਼੍ਰੇਣੀ ਦੇ ਅਤਿਆਚਾਰ ਉਸ ਦੀਆਂ ਸਾਰੀਆਂ ਕਵਿਤਾਵਾਂ ਵਿਚ ਦਿਖਾਏ ਗਏ ਹਨ। ਅਸਲ ਵਿਚ ਇਕਬਾਲ ਕ੍ਰਾਂਤੀਕਾਰੀ ਪੰਜਾਬੀ ਕਵੀਆਂ ਦੀ ਉਸ ਕਤਾਰ ਵਿਚੋਂ ਹੈ ਜੋ ਭਾਰਤ ਵਿਚ ਨਕਸਲਬਾੜੀ ਲਹਿਰ ਦੇ ਉਤਪਨ ਹੋਣ ਨਾਲ ਕਵਿਤਾ ਦੇ ਪਿੜ ਵਿਚ ਆਏ। ਇਨ੍ਹਾਂ ਕਵੀਆਂ ਨੇ ਜਿਥੇ ਸਮਾਜਵਾਦੀ ਕ੍ਰਾਂਤੀ ਦੀ ਆਵਸ਼ਕਤਾ ਨੂੰ ਇਕਦਮ ਤਿਖੇਰਾ ਕੀਤਾ ਉਥੇ ਆਪਣੀ ਕਵਿਤਾ ਰਾਹੀਂ ਨਵੇਂ ਨਵੇਂ 'ਮਿੱਟੀ' ਤੇ 'ਮੋਹ' ਭਿੱਜੇ ਸ਼ਬਦ ਤੇ ਅਲੰਕਾਰ ਵੀ ਸਿਰਜੇ। ਇਕਬਾਲ ਦੀ ਕਵਿਤਾ ਵਿਚ ਅਲੰਕਾਰਾਂ ਦੀ ਭਰਮਾਰ ਹੈ। ਇਹ ਅਲੰਕਾਰ ਤੇ ਤਸ਼ਬੀਹਾਂ ਸਿਰਜਨ ਵਿਚ ਉਹ ਮਾਹਰ ਹੈ, ਤੇ ਇਹੋ ਉਸਦੀ ਕਵਿਤਾ ਦੀ ਵਿਸ਼ੇਸ਼ਤਾ ਹੈ:

ਪੋਲੀ ਦੇ ਨੱਕਿਆਂ ਤੋਂ ਜੰਮਿਆ ਟਰੈਕਟਰ
ਅਜੇ ਤੀਕ ਤਾਂ ਮੇਰੇ ਪਿਉ ਦੀ ਖੋਪੜੀ ਨੂੰ ਹੀ ਵਾਹੁੰਦਾ ਹੈ
ਤੇ ਰਾਵੀ ਦੇ ਘੁੱਟਾਂ ਤੇ ਰਜਦਾ ਹੈ
ਚੋਰ ਉੱਤੇ ਚੀੜ੍ਹਿਆ ਕਲਮੂੰਹਾ ਇੰਜਣ!
ਖੇਤਾਂ ਚ ਖਿਲਰਿਆ ਹੋਇਆ ਤੇਰਾ ਬਾਪੂ ਇਕ ਤਰ
ਗਿਣਤੀਆਂ ਮਿਣਤੀਆਂ ਦੇ ਜਾਲਿਆਂ ਚ ਤਿਣਤਿਣਾਂਦਾ ਹੈ
ਤੇ ਰਾਤ ਨੂੰ ਲੋਕਾਂ ਦੀਆਂ ਪੀੜਾਂ ਚ ਸੁੰਗੜ ਜਾਂਦਾ ਹੈ।

ਉਪਰੋਕਤ ਸਤਰਾਂ 'ਸਿਖਤਮ' ਕਵਿਤਾ ਦਾ ਹਿੱਸਾ ਹਨ — ਹਰ ਸਤਰ ਵਿਚ ਇਕ ਨਵਾਂ ਤੇ ਸ਼ਕਤੀਸ਼ਾਲੀ ਅਲੰਕਾਰ ਹੈ। ਇਸੇ ਤਰ੍ਹਾਂ ਇਕ ਹੋਰ ਕਵਿਤਾ ਵਿਚ:

ਸਾਰੀਆਂ ਤਾਂ ਜੇਬਾਂ ਹੀ ਬਾਜ਼ਾਰ ਦੇ ਹੌਕੇ ਵਿਚ
ਸ਼ੁਰੂਆਤ ਸ਼ਾਮਿਲ ਹੋਈਆਂ
ਤੇ ਸਾਰੇ ਹੀ ਭਰਾਵਾਂ ਦੇ ਗਲਾਂ ਤੇ ਰਹੀਆਂ ਛੁਰੀਆਂ
ਸਾਰੀਆਂ ਹੀ ਖੱਲਾਂ ਨਾਲ ਪੂੜੀਆਂ ਗਈਆਂ।

ਪਰ ਜਿਥੇ ਇਹ ਅਲੰਕਾਰ ਤੇ ਤਸ਼ਬੀਹਾਂ ਉਸਦੀ ਕਵਿਤਾ ਨੂੰ ਨਿਵੇਕਲਾ ਰੰਗ ਦਿੰਦੇ ਹਨ ਉਥੇ ਉਨ੍ਹਾਂ ਦੀ ਬਹੁਲਤਾ ਉਸਦੀ ਲੇਖਣੀ ਦਾ ਔਗੁਣ ਵੀ ਬਣ ਜਾਂਦੀ ਹੈ — ਇਕਬਾਲ ਇੱਕੋ ਹੀ ਕਵਿਤਾ ਵਿਚ ਇਤਨੇ ਅਲੰਕਾਰ ਪੇਸ਼ ਕਰ ਦੇਂਦਾ ਹੈ ਕਿ ਕਵਿਤਾ ਵਿਚਲੀ ਗੰਭੀਰਤਾ, ਉਦਾਸੀ, ਰੋਹ ਨੂੰ ਪਾਠਕ ਘੱਟ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਤੇ ਅਲੰਕਾਰਾਂ ਵਿਚ ਉਲਝਿਆ ਰਹਿੰਦਾ ਹੈ। ਜਾਪਦਾ ਹੈ, ਕਵੀ ਰਚਨਾ ਕਰਦੇ ਸਮੇਂ ਰਚਨਾ ਦੇ ਮੂਲ ਤੱਤ ਉੱਤੇ ਕੇਂਦਰਿਤ ਹੋਣ ਦੀ ਥਾਂ ਹੋਰ ਨਵੇਂ ਬਿੰਬ ਅਤੇ ਅਲੰਕਾਰ ਲੱਭਣ ਦੇ ਲਾਲਚ ਵਿਚ ਫਸ ਜਾਂਦਾ ਹੈ।

ਇਕਬਾਲ ਆਪਣੀ ਕਵਿਤਾ ਵਿਚ ਇਕ ਵਿਚਾਰ ਤੋਂ ਦੂਜੇ ਵਿਚਾਰ ਤੱਕ ਜਾਣ ਲਈ ਸ਼ਬਦ 'ਤੇ' ਦੀ ਬਹੁਤ ਵਰਤੋਂ ਕਰਦਾ ਹੈ:

ਅਸੀਂ ਟੁੱਟੇ ਸੁਪਨਿਆਂ ਨੂੰ
ਸੌਂ ਸੌਂ ਕੇ ਜੋੜਨ ਦੇ ਯਤਨਾਂ 'ਚ ਖੌਰੇ ਰਹੇ
ਤੇ ਆਪਣੇ ਹੀ ਪਰਛਾਵਿਆਂ ਦਾ ਸ਼ੋਰ
ਅਸੀਂ ਕਦੇ ਨਾ ਸੁਣਿਆ ... ... ...
ਤੇ ਹੁਣ ਵਿਸ਼ਵਾਸ ਕਰਨਾ ਜ਼ਰੂਰੀ ਹੈ।

'ਤੇ' ਦੀ ਜ਼ਿਆਦਾ ਵਰਤੋਂ ਜਿਥੇ ਕਵਿਤਾ ਵਿਚ ਤੀਬਰਤਾ ਲਿਆ ਜਾਂਦੀ ਹੈ ਕੁਝ ਹੱਦ ਤੱਕ ਰਵਾਨੀ ਘੱਟ ਜਾਂਦੀ ਹੈ। ਵਿਸ਼ਵਾਸ ਦੀ ਜਿਸ ਕਵਿਤਾ ਵਿਚੋਂ ਜੇ ਸਾਰੀ ਥਾਂਵੇਂ 'ਤੇ' ਕਟ ਕੇ ਪੜ੍ਹੀਏ ਤਾਂ ਕਵਿਤਾ ਵਾਰਤਕ ਰੂਪ ਵਿਚ (ਮੇਰੇ ਖ਼ਿਆਲ 'ਚ ਵਧੀਆ) ਪੇਸ਼ ਹੁੰਦੀ ਹੈ। ਵਿਸ਼ਵਾਸ ਵਿਚ ਵਧੀਆ ਕਵਿਤਾ ਲਿਖਣ ਦੀ ਯੋਗਤਾ ਹੈ। ਏਸੇ ਹੀ ਗੱਲ ਉਸਦਾ ਨਜ਼ਰੀਆ ਪੁਸਤਕ ਵਿਚ ਲਿਖੇ ਸੁਖਬੀਰ ਵਾਲੇ ਮੁੱਖਬੰਧ ਤੋਂ ਸਪਸ਼ਟ ਹੋ ਜਾਂਦਾ ਹੈ:

"ਮੇਰੀ ਨਜ਼ਰੇ ਹਰ ਰਚਨਾ ਵਿਚ ਪ੍ਰਯੋਗ ਹੁੰਦੀ ਹੈ — ਜੋ ਪ੍ਰਯੋਗ ਨਹੀਂ ਉਹ ਰਚਨਾ ਨਹੀਂ। ਕਿਸੇ ਅਨੁਭਵ ਨੂੰ ਵਿਲੱਖਣ ਜੇਹੇ ਢੰਗ ਨਾਲ ਪੇਸ਼ ਕਰਨਾ ਹੀ ਰਚਨਾਤਮਕ ਕਲਾ ਹੈ।"

ਵਿਸ਼ਵਾਸ 'ਚ ਰਚਨਾਤਮਕ ਸੰਭਾਵਨਾਵਾਂ ਬਹੁਤ ਹਨ। ਮੇਰੇ ਖ਼ਿਆਲ ਵਿਚ ਜੇ ਉਹ ਅਖਰਾਂ ਦੀ ਸੰਜਮ ਨਾਲ ਵਰਤੋਂ ਕਰੇ, ਵਿਸ਼ੇ ਦੀ ਗਹਿਰਾਈ ਨੂੰ ਹੋਰ ਸ਼ਿੱਦਤ ਨਾਲ ਮਹਿਸੂਸ ਕਰੇ ਅਤੇ ਵਿਸਥਾਰ ਵਿਚੋਂ ਤਾਂ ਲੋਕਾਂ ਪ੍ਰਤਿ ਉਸਦਾ ਨਜ਼ਰੀਆ ਜ਼ਿਆਦਾ ਸ਼ਕਤੀਸ਼ਾਲੀ ਬਣ ਕੇ ਉਭਰੇਗਾ। ਵਿਸ਼ਵਾਸ ਦੇ ਹੁਣ ਤੱਕ "ਸੁਲਘਦੇ ਅਹਿਸਾਸ" ਅਤੇ "ਵਿਸ਼ਵਾਸ" ਦੋ ਕਾਵਿ-ਸੰਗ੍ਰਹਿ ਛਪ ਚੁਕੇ ਹਨ।

ਸੁਰਿੰਦਰ ਧੰਜਲ ਨੇ ਵੀ ਵਿਸ਼ਵਾਸ ਵਾਂਗ ਕਵਿਤਾ ਵਿਚ ਵਿਦਿਆਰਥੀ ਕਵੀ ਦੇ ਤੌਰ ਤੇ ਪ੍ਰਵੇਸ਼ ਕੀਤਾ। ਉਸਦਾ ਪਹਿਲਾ ਕਾਵਿ-ਸੰਗ੍ਰਹਿ "ਸੂਰਜਾਂ ਦੇ ਹਮਸਫ਼ਰ" 1972 ਵਿਚ ਪ੍ਰਕਾਸ਼ਤ ਹੋਇਆ। ਉਸ ਸਮੇਂ ਦੌਰਾਨ ਉਸਦੀਆਂ ਕਵਿਤਾਵਾਂ ਵਿਚ ਜੋਸ਼ ਸੀ, ਜਜ਼ਬਾ ਸੀ ਪਰ ਕਲਾ ਦੇ ਪੱਖੋਂ ਹਾਲੀ ਕੱਚੀਆਂ ਕੱਚੀਆਂ ਲਗਦੀਆਂ ਸਨ। ਕਵਿਤਾਵਾਂ ਦਾ ਮੁਖ ਪ੍ਰੇਰਨਾ ਸ੍ਰੋਤ ਨਕਸਲਬਾੜੀ ਲਹਿਰ ਦਾ ਰੁਝਾਨ ਸੀ। ਸੁਰਿੰਦਰ 1973 ਵਿਚ ਕੈਨੇਡਾ ਆਉਣ ਨਾਲ ਉਸ ਪ੍ਰੇਰਨਾ ਸ੍ਰੋਤ ਤੋਂ ਦੂਰ ਹੋ ਗਿਆ। ਫਲਸਰੂਪ ਉਸਨੇ ਇਥੇ ਆ ਕੇ ਕਵਿਤਾਵਾਂ ਬਹੁਤ ਘੱਟ ਲਿਖੀਆਂ।

"ਤਿੰਨ ਕੋਣ" ਸੰਗ੍ਰਹਿ ਵਿਚ ਸ਼ਾਮਿਲ ਸੁਰਿੰਦਰ ਦੀਆਂ ਕਵਿਤਾਵਾਂ ਵਿਚ ਉਸਦੀਆਂ ਪਹਿਲੀਆਂ ਕਵਿਤਾਵਾਂ ਨਾਲੋਂ ਜ਼ਿਆਦਾ ਗੰਭੀਰਤਾ ਹੈ ਅਤੇ ਸੂਝ ਵੀ ਵਧੀ ਹੈ। 'ਵਿਰਾਗ' ਕਵਿਤਾ ਆਪਣੀ ਹੀ ਕਿਸਮ ਦੀ ਇਕ ਅਤਿ ਸਫਲ ਕਵਿਤਾ ਹੈ:

ਗੱਲ ਅਸਲ 'ਚ ਅਜ਼ਾਦੀ ਦਾ ਵਿਰਾਗ ਖੋਹ ਤੋਂ ਚੱਲੀ ਸੀ
ਵਿਰਾਗ: ਜਿਸ ਵਿਚ ਨਵਜੰਮੇ ਬੱਚੇ ਤੋਂ ਲੈ ਕੇ
ਕਬਰਾਂ ਉਡੀਕਦੇ ਬਜ਼ੁਰਗ ਤੱਕ ਦੀਆਂ ਅੱਖਾਂ ਦਾ ਨੂਰ ਬੁਝ ਗਿਆ ਸੀ
ਤੇ ਚੁੱਪ ਹੋ ਗਏ ਸੀ।
... ... ... ... ... ... ...
... ... ... ... ... ... ...

ਤੇ ਮੈਂ ਇਹੀ ਦਸ ਰਿਹਾ ਸਾਂ
ਕਿ ਉਹ ਤਾਂ ਮੈਦਾਨਿ-ਜੰਗ ਤੋਂ ਬਾਹਰ
ਮੈਦਾਨਿ-ਜੰਗ ਵਿਚ ਤਾਂ ਜਾਣਾ ਹੀ ਸੂਰਮਾ ਗਤੀ ਦੀ ਸਿਖਰ ਹੁੰਦੀ ਹੈ
ਪਰ ਮੈਦਾਨਿ-ਜੰਗ ਤੋਂ ਪਰਤਿਆ ਹਰ ਸਿਪਾਹੀ
ਬੁਜ਼ਦਿਲ ਭਗੌੜਾ ਨਹੀਂ ਹੁੰਦਾ ... ... ...

ਉਂਜ ਸੁਰਿੰਦਰ ਦੀ ਬਹੁਤੀ ਕਵਿਤਾ ਵਿਚ ਆਮ ਸਤਹੀਪਨ ਹੈ — ਥਾਂ ਥਾਂ ਸੰਬੋਧਨ ਸੁਰ ਦੀ ਵਰਤੋਂ ਕੀਤੀ ਗਈ ਹੈ ਜਿਸ ਵਿਚੋਂ "ਮੈਂ" ਰੋਸ ਨਾਲੋਂ ਜ਼ਿਆਦਾ ਉਭਰਦੀ ਹੈ:

ਤੇ ਹਾਂ ਸੁਣ: ਮੈਂ ਬੇ-ਜਵਾਬ ਨਹੀਂ
ਅਣਲਿਖੇ ਖ਼ਤ ਹੀ ਕਦੇ ਅਸਲ ਖ਼ਤ ਹੁੰਦੇ ਹਨ
ਤੂੰ ਮੇਰੇ ਖ਼ਤ ਦੀ ਉਡੀਕ ਨਾ ਕਰੀਂ
(ਅਜੇ ਤੂੰ ਮੈਨੂੰ ਖ਼ਤ ਨਾ ਲਿਖੀਂ)

ਸਭ ਕੁਝ ਜਾਣੀ ਜਾਣ ਹੋਣ ਦਾ ਦਾਅਵਾ ਕਰਨ ਵਾਲੇ ਹਜ਼ਰਤੋ!
ਵਸਤਾਂ ਦਾ ਨਾਮ ਨਿਸ਼ਚਿਤ ਕਰਨਾ
ਤਾਂ ਕੁਦਰਤ ਦੀ ਤੌਹੀਨ ਹੋ ਸਕਦਾ ਹੈ।
(ਰੰਗਾਂ ਦਾ ਕੋਈ ਨਾਂ ਨਹੀਂ ਹੁੰਦਾ)

ਤੇ ਕਈ ਵੇਰ ਸੁਰਿੰਦਰ ਸਿਰਫ਼ ਸ਼ਬਦਬਾਜ਼ੀ ਦੇ ਚੱਕਰ ਵਿਚ ਹੀ ਪੈ ਜਾਂਦਾ ਹੈ:
'ਕਲਾਕਾਰ ਕਿ ਕਲਗੀ-ਕਲਾ-ਕਪੁੱਤਰ'?

ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਵੀ ਉਹ ਲੋੜ ਤੋਂ ਵੱਧ ਕਰਦਾ ਹੈ, ਜਾਵੇਂ ਪੰਜੋਲੀ:

ਅਜਿਹੀਆਂ ਚੋਣ ਛੱਡ ਤੁਰੇ ਕਾਫ਼ਲੇ ਨੂੰ ਇਹ ਕਹਿ:
"ਇਹ ਤੇ ਸੋਸ਼ ਪਰਾਂ ਦੀ ਕੋਸ਼ਿਸ਼ ਦੀ ਕਹਾਣੀ
ਤੇ ਇਹ ਛੱਲ ਦੀ ਹੀ"
'ਤਲਵਾਰ' ਤੇ 'ਦਰਵਾਜ਼' 'ਚ ਲਟਕਦੀ
ਉਨ੍ਹਾਂ ਦੀ ਕੋਸ਼ਿਸ਼ ਜਾਰੀ ਹੈ ਜਾਨੇ ਹੀਰ

ਸਤਿੰਦਰ ਜਦੋਂ "ਦਰਵੇਸ਼ ਨੂਰ" ਦਾ ਸੰਪਾਦਕ ਸੀ ਤਾਂ "ਦਰਵੇਸ਼ ਨੂਰ" ਨੂੰ ਜਾਵੇਂ ਪਰਤ ਕੀਤੇ ਜਾਵੇ ਤਿਆਰ ਕਰਦਾ ਸੀ। ਹਰ ਅੰਕ ਵਿਚ ਕੋਈ ਨਾ ਕੋਈ ਵਿਲੱਖਣਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਸੀ। ਇਸੇ ਤਰ੍ਹਾਂ ਸ਼ਾਇਦ ਉਂਜ ਵੀ ਉਹ ਹਮੇਸ਼ਾ ਨਾਲ ਜਾਂਦਾ ਹੈ ਕਵਿਤਾ ਖੇਤਰ ਵਿਚ ਨਵੇਂ ਨਵੇਂ ਪ੍ਰਯੋਗ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਉਸ ਦੀ ਕਈ ਵਾਰ ਵਿਚ ਆਏ ਵਿਲੱਖਣਤਾ ਜਾਂ ਨਵੇਂ ਪ੍ਰਯੋਗ ਕਰਨ ਦੀ ਇਹ ਚੀਜ਼ ਨਹੀਂ ਆਈ। ਇਸ ਦਾ ਇਕ ਕਾਰਣ ਤਾਂ ਇਹ ਜਾਪਦਾ ਹੈ ਕਿ ਸਤਿੰਦਰ ਪਾਠਕਾਂ ਵਲੋਂ ਹੁੰਗਾਰੇ ਅਤੇ ਪ੍ਰਸੰਸਾ ਪ੍ਰਤਿ ਆਮ ਲੇਖਕਾਂ ਨਾਲੋਂ ਜ਼ਿਆਦਾ ਸੁਚੇਤ ਵੈਦਿਕ ਸਾਹਿਤਕ ਹੈ ਇਹ ਸੁਭਾਉ ਹਾਸਲ ਤੋਂ ਲਗਦਾ ਉਸ ਦੀ ਕਲਾਤਮਕ ਸ਼ਕਤੀ ਉਪਰ ਵੀ ਪੈ ਰਹੀ ਹੈ— ਕਵਿਤਾ ਨੂੰ ਤੁੱਕਬੰਦੀ ਜਾਵਕਾ ਸਜਾਵਟ ਲਿਖਣੇ ਵੱਲ ਸ਼ਾਇਦ ਤੇ ਸ਼ਾਇਦ ਲਿਜਾਂਦਾ ਹੈ। ਜੇ ਉਹ ਕਵਿਤਾ ਸੁਭਾ ਦੇ ਲਿਖਣਾ ਲਿਖਾ ਤਾਂ ਉਹ ਛੇਤੀ ਹੀ ਆਪਣਾ ਨਵਾਂ ਮੁਕਾਮ ਸਥਾਪਤ ਕਰ ਸਕੇਗਾ। ਸਤਿੰਦਰ ਦੀਆਂ ਕਵਿਤਾਵਾਂ ਵਿਚੋਂ ਕੁਝ ਖ਼ੂਬਸੂਰਤ ਸਤਰਾਂ ਪੇਸ਼ ਹਨ:

ਜੇ ਕੋਈ ਉਦਾਸ ਸ਼ਾਮ ਪਰਤ ਗਈ ਘਰੇ ਤੇ ਦਸਤਕ ਦੇ ਕੇ
ਜਿਵੇਂ ਸਮਾਜਾਂ ਦੇ ਸੀਨੇ 'ਤੇ ਜ਼ਖ਼ਮ
... ... ... ... ... ...
... ... ... ... ... ....
ਜੰਗਲ 'ਚ ਗੁਆਚੇ ਪੰਛੀਆਂ ਨੂੰ ਪੁੱਛੋ
ਖ਼ੁਸ਼ੀ ਹਵਾ 'ਚ ਤਾਰੀਆਂ ਲਾਉਣ ਦੀ ਖ਼ਾਤਿਰ
ਕੋਈ ਸਾਜ਼ਿਸ਼ ਨਹੀਂ ਹੁੰਦੀ
... ... ... ... ... ...

"ਇੱਕ ਕੋਣ" ਦਾ ਤੀਜਾ ਕਵੀ ਸੁਖਵਿੰਦਰ ਹੈ ਜਿਸ ਦੀਆਂ ਕਵਿਤਾਵਾਂ ਵਿਸ਼ਵਾਸ ਅਤੇ ਸਤਿੰਦਰ ਨਾਲੋਂ ਘਟ ਪ੍ਰਭਾਵੀ ਕਿਸਮ ਦੀਆਂ ਹਨ। ਉਹ ਕਿਸੇ ਸਿਆਸੀ ਧਿਰ ਨਾਲ ਪ੍ਰਤਿਬੱਧ ਨਹੀਂ; ਤਾਂ ਵੀ ਕੋਈ ਹੋਰ ਸਾਹਿਤਕ ਧਿਰ ਜ਼ਾਹਿਰਾ ਤੌਰ ਤੇ ਉਸਦੀ ਕਵਿਤਾ ਦਾ ਪ੍ਰੇਰਣਾ ਸ੍ਰੋਤ ਜਾਪਦੀ ਹੈ। ਉਸਦੀ ਕਵਿਤਾ ਦੀ ਪਿੱਠਭੂਮੀ ਜੰਗਲੀ ਸਭਿੱਤਾ ਹੈ ਜੋ ਉਸਨੂੰ ਧਾਰਨਾਵਾਂ ਜਾਂ ਪ੍ਰਗਤੀ ਦੇ ਜੰਗਲ ਦੇ ਕਾਨੂੰਨ ਅਨੁਸਾਰ ਵਿਚਰਦੀ ਜਾਪਦੀ ਹੈ। ਪ੍ਰਾਚੀਨਤਮ ਜੀਵਨ ਵਿਚ ਕਿਸੇ ਸਮੇਂ ਤੇ ਪ੍ਰਕਿਰਤੀ ਦੇ ਉਸਨੂੰ ਘਰ ਵਾਂਗ ਲਗਦਾ ਹੈ। ਸੁਖਵਿੰਦਰ ਦੀਆਂ ਕਵਿਤਾਵਾਂ ਵਿਚ ਮੁੜ ਮੁੜ ਆਦਿਵਾਸੀ, ਜੰਗਲ, ਘਰ ਸ਼ਬਦਾਂ ਦੀ ਵਰਤੋਂ ਮਿਲਦੀ ਹੈ। 'ਆਦਿਵਾਸੀ' ਕਵਿਤਾ ਅਰ ਨੂੰ ਛੂਹਦੀ ਹੈ:

ਕਦੇ ਸਮਝਾ ਨਾਲ ਅਸਾਂ
ਰੱਬ ਨੂੰ ਵਿਹਿਆ ਸੀ ਕੀਤਾ
ਅੱਜ ਆਪਣੇ ਮੋਢਿਆਂ ਤੇ
ਆਪਣੀ ਹੀ ਲਾਸ਼ ਹੈ
ਪ੍ਰਸ਼ਨ ਸਾਰ ਹੈ ਜਾਂ ਪਰੱਸ ਦੁਖੀਆ
ਘਰ ਕਮਰੇ 'ਚ ਪੰਛੀ ਅਜੇ ਵੀ ਤੜਫਦਾ ਹੈ
ਸਜ਼ਰੀ ਪੌਣ ਦਾ ਬੁੱਲਾ
ਜਦੋਂ ਘਰ ਨੂੰ ਛੂਹ ਗਿਆ ਹੈ ... ...
... ਆਦੀਵਾਸੀ

ਸੁਖਵਿੰਦਰ ਅਨੁਸਾਰ ਮਨੁੱਖ ਸਭਿਅਤਾ ਅਧੀਨ ਸਭਿੱਤਾ ਦੇ ਕਾਨੂੰਨਾਂ ਵਿਚ ਫਸ ਗਿਆ ਹੈ, ਇਸ ਗੱਲ ਦਾ ਮਨੁੱਖ ਨੂੰ ਉਦੋਂ ਹੀ ਅਹਿਸਾਸ ਹੁੰਦਾ ਹੈ ਜਦੋਂ ਕਦੇ ਉਹ ਆਪਣੇ 'ਘਰ' ਨਾਲ ਇਕ ਮਿਕ ਹੁੰਦਾ ਹੈ

ਜਦ ਜਦ ਮੈਂ ਸ਼ਹਿਰ ਦੀ ਘਰ ਨੂੰ ਪਰਤਿਆ ਹਾਂ
ਮੈਂ ਦੂਰ ਤੱਕ ਆਵਾਜ਼ ਆਈ ਹੈ
ਮੇਰੀ ਕਾਲੇ ਸਮੁੰਦਰ ਦੀ ਸਜ਼ਾ ਕਦ ਖ਼ਤਮ ਹੋਵੇਗੀ
ਮੇਰੀ ਸੰਸਾਰ ਕਦ ਪਰਬਤ ਦੀ ਗੋਦ ਤੋਂ ਸ਼ੁਰੂ ਹੋਵੇਗੀ

ਸੁਖਵਿੰਦਰ ਵਿਚੋਂ ਜਾਂ ਸਾਥੀ ਨੂੰ ਪਾਠਕਾਂ ਆਪਣੇ ਅੰਦਰ ਅਸੁਰਤ ਰੂਪ ਵਿਚ ਸਮੋਇਆ ਹੈ— ਜਦੋਂ ਕਵਿਤਾ ਸਹੀ ਕੋਈ ਰੂਪ ਲੈਂਦਾ ਉਤਰ ਆਉਂਦੀ ਹੈ ਤਾਂ ਕੁਦਰਤੀ ਵਿਧੀ ਵਰਤਕੇ ਕਵਿਤਾ ਦੀ ਰਚਨਾ ਕਰਦਾ ਹੈ ਜਿਵੇਂ ਆਦਿਵਾਸੀ, ਸਮੁੰਦਰ, ਘਰ, ਜੰਗਲ ਆਦਿ ਸ਼ਬਦਾਂ ਨੂੰ ਚਿਹਨਾਤਮਕ ਰੂਪ ਵਿਚ ਵਰਤਿਆ ਗਿਆ ਹੈ। ਇਸ ਤਰ੍ਹਾਂ ਉਸਦੀ ਕਵਿਤਾ ਵਿਚ ਇਕ ਖ਼ਾਸ ਰਹੱਸ ਉਤਪਨ ਹੋ ਜਾਂਦਾ ਹੈ ਜੋ ਪਾਠਕ ਨੂੰ ਹਮੇਸ਼ਾ ਕਵਿਤਾ ਵਿਚੋਂ ਕੁਝ ਨਾ ਕੁਝ ਖੋਜਣ ਲਈ ਪ੍ਰੇਰਦਾ ਹੈ। ਪ੍ਰਕਿਰਤੀ ਦਾ ਹਰੇਕ ਉਸਨੂੰ ਵਾਰ ਵਾਰ ਟੁੰਬਦਾ ਹੈ:

ਇਕ ਕਿਰਤੀ ਤੇ ਇਕ ਰੁੱਖ ਮੈਂ ਤੈਨੂੰ ਸੌਂਪਦੀ ਹਾਂ
ਤੇ ਤੂੰ, ਉਹ ਪਰਬੱਤ ਦੀ ਵਾਦੀ ਵਿਚ
ਮੈਂ ਇਕ ਪਥਰ ਤੇਰੀ ਮੌਜੂਦਗੀ ਦੀ ਕਾਂਗਿਆ ਹੈ

ਪਰ ਕਵਿਤਾਵਾਂ ਵਿਚਲਾ ਇਹ ਰੰਗ ਕਵਿਤਾ ਲਈ ਕਈ ਵਾਰ ਰੋਕ ਦੀ ਬਣ ਜਾਂਦਾ ਹੈ। ਕਵਿਤਾ ਨੂੰ ਸਮਝਣ ਲਈ ਮੁੜ ਮੁੜ ਪੜ੍ਹਨਾ ਪੈਂਦਾ ਹੈ। ਸਾਧਾਰਣ ਪਾਠਕ ਲਈ ਬਹੁਤੀਆਂ ਕਵਿਤਾਵਾਂ ਅਸਪਸ਼ਟ ਹਨ। ਜੇ ਇਹ ਸਮਝਿਆ ਜਾਵੇ ਕਿ ਗੂੜ੍ਹੀ ਹੀ ਕਵਿਤਾ ਸਪਸ਼ਟ ਹੋਵੇ, ਜਿਸਨੂੰ ਸਮੂਹ ਤੋਂ ਹੀ ਕਵਿਤਾ ਆਹੀ ਜਾ ਸਕਦੀ ਹੈ, ਤਾਂ ਸੁਖਵਿੰਦਰ ਨੂੰ ਆਪਣੀ ਸ਼ੈਲੀ ਤੇ ਵਿਚਾਰਨੀ ਪਵੇਗੀ, ਕਈ ਅਲੰਕਾਰਾਂ ਨਾਲ ਸ਼ਿੰਗਾਰਨੀ ਪਵੇਗੀ — ਹੁਣ ਇਸਤਰਾਂ ਲਗਦਾ ਹੈ ਜਿਵੇਂ ਸਾਰੀਆਂ ਕਵਿਤਾਵਾਂ ਵਿਚੋਂ ਕਿਰੀਆਂ ਚੂੜੀਆਂ ਵਾਂਗੇ ਟੁੱਟ ਪਈਆਂ ਅਤੇ ਚੂੜੀਆਂ ਵਾਲੀਆਂ ਕੁੜੀਆਂ ਦੇ ਪੈਰ ਕਦੇ ਅੱਗੇ ਅੱਗੇ ਲੰਘਦੀਆਂ ਜਾਣ। ਕਈਆਂ ਕਵਿਤਾਵਾਂ ਦੇ ਸੁਰਾਂ ਦੀ ਇਕ ਦੂਜੀ ਤੋਂ ਅਲੱਗ ਮਹਿਸੂਸ ਨਹੀਂ ਹੁੰਦੇ:

ਜੰਗਲ 'ਚ ਜਿਸ ਨੂੰ ਵਿਹਲ ਹੈ
ਪਲ ਰੁਕਣ ਦੀ
ਜਿਸਨੂੰ ਆਪਣੇ ਸਾਹਾਂ ਦਾ ਯਕੀਨ
ਖ਼ੁਸ਼ਬੂ ਪਾਈ ਕਈ ਸਭ ਸਹਿਕਦੇ

— 'ਅਣਿਹਾਸੀ' ਵਿਚੋਂ

ਬਾਹਰ ਤਾਂ ਹਰ ਪਲ ਹਵਾ ਰੁਕਦੀ ਹੈ
ਕਿ ਕਿਸੇ ਦਾ ਇਕ ਵੀ ਪੱਤਾ ਨਾ ਝਾੜੀ ਪਵੇ
ਖ਼ੁਸ਼ਬੂ ਪੌਣ ਦੇ ਘਰ ਵਿਚ
ਕਦੋਂ ਕੋਈ ਸੰਗ ਆਇਆ ਹੈ

(ਇਕ ਨਜ਼ਮ ਵਿਚੋਂ)

ਉਂਜ ਸੁਖਵਿੰਦਰ ਦੀ ਕਵਿਤਾ ਵਿਚ ਕਵਿਤਾ ਬਹੁਤ ਹੈ, ਕੋਮਲ ਸ਼ਬਦ ਸਾਹਿਬ ਹਨ, ਰਸ ਹੈ — ਜਿਸ ਲਈ ਉਸਦੀ ਕਵਿਤਾ ਪੜ੍ਹਨ ਨੂੰ ਜੀ ਕਰਦਾ ਹੈ।

ਇਕਬਾਲ, ਸੁਰਿੰਦਰ ਧੰਜਲ ਅਤੇ ਸੁਖਵਿੰਦਰ ਦੀਆਂ ਕਵਿਤਾਵਾਂ ਉੱਤੇ ਇਕਠਿਆਂ ਝਾਤ ਮਾਰਿਆਂ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਉਭਰਦਾ ਹੈ: ਇਕਬਾਲ ਦੀ ਕਵਿਤਾ ਵਿਚੋਂ "ਮੈਂ" ਗਾਇਬ ਹੈ ਉਹ ਸਿੱਧਾ ਸਮਾਜਿਕ ਸਮੱਸਿਆ ਨੂੰ ਸੰਬੋਧਤ ਹੈ — ਉਸਦੀ ਕਵਿਤਾ 'ਸੰਬੋਧਨ' ਵਿਚ ਹੀ 'ਮੈਂ' ਕੋਈ ਨਾਇਕ ਬਣਕੇ ਨਹੀਂ ਪੇਸ਼ ਹੁੰਦਾ। ਸੁਰਿੰਦਰ ਦੀ ਕਵਿਤਾ ਕਿਸੀ ਸਮਾਜਿਕ ਸਮੱਸਿਆਵਾਂ ਨਾਲ ਹੀ ਗੱਲ ਕਰਦੀ ਹੈ ਤੇ ਉਸਦੀ 'ਮੈਂ' ਨੂੰ ਵੀ ਪੇਸ਼ ਕਰਦੀ ਹੈ। ਸੁਰਿੰਦਰ ਦੀ 'ਮੈਂ' ਕ੍ਰਾਂਤੀ ਦੇ ਨਾਇਕ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਸੁਖਵਿੰਦਰ ਦੀ ਕਵਿਤਾ ਨਾਰਮਲ 'ਮੈਂ' ਦੁਆਲੇ ਹੀ ਘੁੰਮਦੀ ਹੈ — ਪਰ ਉਸਦੀ 'ਮੈਂ' ਸਥਿਆਂ ਦੇ ਕਠੋਰ ਹਾਲਾਤਾਂ ਵਿਚ ਘਿਰੇ ਮਨੁੱਖ ਦੀ ਪ੍ਰਤੀਕ ਹੈ ਜੋ ਕਦੇ ਬੇਬਸ ਹੋਕੇ ਪੇਸ਼ ਹੁੰਦਾ ਹੈ ਤੇ ਕਦੇ ਕਦੇ ਬਗਾਵਤ ਵੀ ਕਰਦਾ ਹੈ। ਇਸ ਤਰ੍ਹਾਂ ਤਿੰਨਾਂ ਕਵੀਆਂ ਦੀਆਂ ਕਵਿਤਾਵਾਂ ਦਾ ਆਪਣਾ ਆਪਣਾ ਰੰਗ ਹੈ ਤੇ ਪੁਸਤਕ ਸਮੁੱਚੀ ਉੱਤੇ ਤਿੰਨਾਂ ਰੰਗਾਂ ਤੋਂ ਝਾਤ ਪਵਾਉਂਦੀ ਹੈ।

ਪੁਸਤਕ ਵਿਚ ਪੈਂਸਿਲ-ਚਿੱਤਰ ਸੁਰਿੰਦਰ ਧੰਜਲ ਨੇ ਬਣਾਏ ਹਨ ਜੋ ਪੁਸਤਕ ਦੀ ਦਿੱਖ ਵਧਾਉਂਦੇ ਹਨ। ਸੁਖਵਿੰਦਰ ਅਤੇ ਇਕਬਾਲ ਦੀਆਂ ਕਵਿਤਾਵਾਂ ਵਾਲੇ ਚਿੱਤਰ ਵਿਸ਼ੇਸ਼ ਕਰਕੇ ਖ਼ੂਬਸੂਰਤ ਹਨ। ਪੁਸਤਕ ਦੇ ਟਾਈਟਲ ਵਾਲਾ ਚਿੱਤਰ ਬਹੁਤ ਪ੍ਰਭਾਵਸ਼ਾਲੀ ਹੈ। "ਤਿੰਨ ਕੋਣ" ਵਿਚ ਸੁਰਿੰਦਰ, ਸਾਧੂ ਅਤੇ ਇਕਬਾਲ ਦੇ ਲੇਖਕ-ਜੀਵਨ ਵੀ ਦਿੱਤੇ ਗਏ ਹਨ।

ਸਮੁੱਚੇ ਤੌਰ ਤੇ ਇਸ ਪੁਸਤਕ ਨੂੰ ਛਾਪਣ ਦਾ ਯਤਨ ਸ਼ਲਾਘਾਯੋਗ ਹੈ; ਇਸ ਦੇ ਲੇਖਕ ਅਤੇ ਛਾਪਕ ਸਾਰੇ ਵਧਾਈ ਦੇ ਪਾਤਰ ਹਨ। ਉਮੀਦ ਹੈ ਇਹ ਪੁਸਤਕ ਕੈਨੇਡਾ ਵਿਚ ਵਿਕ ਕੇ ਹੋਰ ਨਵੇਂ ਲੇਖਕਾਂ ਨੂੰ ਵੀ ਛਾਪਣ ਦੀ ਪ੍ਰੇਰਨਾ ਦੇਵੇਗੀ।

— • — • — • —

ਪੁਸਤਕ - ਬਦਲਦੀ ਰੁੱਤ
ਲੇਖਕ - ਰਤਨ ਸਿੰਘ ਢਿੱਲੋਂ
ਪ੍ਰਕਾਸ਼ਕ - ਦੀਪਕ ਪਬਲਿਸ਼ਰਜ਼ ਜਲੰਧਰ
ਮੁੱਲ - 10 ਰੁਪਏ

ਬਦਲਦੀ ਰੁੱਤ ਰਤਨ ਸਿੰਘ ਢਿੱਲੋਂ ਦਾ ਚੌਥਾ ਨਾਵਲ ਹੈ। ਇਸ ਤੋਂ ਪਹਿਲਾਂ ਉਸਦੇ ਪਰਖ, ਰੂਪੋਸ਼, ਸਰਘੀ ਦਾ ਤਾਰਾ ਨਾਵਲ ਛਪ ਚੁੱਕੇ ਹਨ।

ਬਦਲਦੀ ਰੁੱਤ ਦੀ ਕਹਾਣੀ ਉਸਦੇ ਪਹਿਲੇ ਨਾਵਲਾਂ ਨਾਲੋਂ ਵੱਖਰੀ ਹੈ। ਇਸ ਦਾ ਨਾਇਕ ਉਹ ਆਪਣੇ ਦੇਸ਼ੋਂ ਵਿੱਛੜ ਕੇ [illegible] ਵਿਚ ਜਿਸਮਾਨ ਕਰ ਰਿਹਾ ਹੈ। ਰਤਨ ਸਿੰਘ ਢਿੱਲੋਂ ਅਧਿਆਪਕ ਦਾ ਕਿੱਤਾਕਾਰ ਹੈ, ਕੋਈ ਵੀ ਕਿੱਤਾਕਾਰ ਆਪਣੇ ਕਿੱਤੇ ਦੀਆਂ ਕਮਜ਼ੋਰੀਆਂ

ਅਤੇ ਬੂਟੀਆਂ ਨੂੰ ਰੁੱਖਿਆਂ ਨਾਲੋਂ ਵੱਖਰਾ ਜਾਣਦਾ ਹੁੰਦਾ ਹੈ। ਜਿਸ ਕਾਰਨ ਇਹ ਹਰ ਮੁੱਖ ਤੌਰ ਤੇ ਆਪਣੇ ਵਿੱਤੇ ਦੀ 'ਟਕ ਟਕ' ਵੱਲ ਹੀ ਜਾਂਦੀ ਪ੍ਰਭਾਉਂਦਾ ਹੈ।

ਇਸ ਦੀ ਸਾਹਿਤਕ ਕਵਿਤਾ ਵਿਚ ਗਹਿਰ ਵਿਸ਼ਾਲ ਦੀ ਸਮਝਦਾਰ, ਸੁਚੱਜੀ, ਪ੍ਰਤਿਭਾ ਵੀ ਹੈ, ਜਿਸ ਦਾ ਬਚਪਨ ਨਾਲੋਂ ਪਿੰਡ ਗੁਜ਼ਰਦਾ ਹੈ। ਲੇਖਕ, ਕਈ ਵਾਰੀ ਦੀਆਂ ਆਮ ਘਟਨਾਵਾਂ ਨੂੰ ਖੂਬਸੂਰਤੀ ਨਾਲ ਚਿਤਰਦਾ ਹੈ। ਇਸ ਦੇ ਇਸ ਕਾਰਨ ਵਿਚ ਰੁਮਾਂਸ, ਦੁਖਾਂਤ, ਉਦਾਸੀ, ਵਿਛੋੜਾ, ਕਦੇ - ਕਦਾਈਂ ਅਤੇ ਮਿਲਾਪ ਸ਼ਾਮਲ ਹਨ।

"ਅੱਜ ਕੱਲੀ ਬੈਠੀ ਮੁਸ ਆ, ਸੁੱਖ ਹੋਵੇ"। ਤਾਰਾ ਨੇ ਹੌਲੀ ਦਬਾਉਂਦ ਆਈ ਬੈਠੇ ਨੂੰ ਜਗਾਇਆ"
"ਐਵੇਂ ਤੁਹਾਨੂੰ ਭਰਮ ਹੀ ਆ।" ਬੈਠੇ ਤਾਰਾ ਨੂੰ ਦਾਬ ਮਾਰੀ। (ਪੰਨਾ 45-46)

ਇਸ ਪ੍ਰਕਾਰ ਬਚਾਉਣ ਨਾਲ ਕਵਿਤਾ ਤੇ ਸਰੂਪ ਦਾ ਸੰਤੁਲਨ ਬਣਦਾ ਪੈਂਦਾ ਹੈ। ਇਹ 'ਸਾਉ-ਪ੍ਰਕਾਸ਼' ਜਿਹੀ ਦੀਆਂ ਇਕਾਂ ਦੇ ਇੱਕਲ ਵਾਂਗ ਨਾਲ ਕਾਰਨ ਇਹ ਇਸ ਦਾ ਪਿੱਛਾ ਕਰਦਾ ਹੈ। ਪਰ ਨਾਕਾਮਯਾਬ ਰਹਿੰਦਾ ਹੈ।

ਕੁਦਰਤ ਵਰਤਣ ਦੇ ਅਨੁਸਾਰ ਦਾ ਚਾਪਲੂਸੀ ਕਵਿਤਾ ਦੀ ਸਤਹੀ ਅਰਥਾਂ ਨੂੰ ਨਾਲ ਵਧਾਉਣ ਲਈ ਇਸ ਤਰ੍ਹਾਂ ਦੀ ਬੋਲਣਾ ਵੱਸਦਾ ਹੈ।

"ਵੇ ਹੀ, ਗਲ ਨੇ ਜਾਂ ਤਾਂ ਪੈਸੇ ਪਰਤੇ ਤੇ ਜਾਂ ਇਹ . . . . .।" ਬੁੱਢੇ ਚਾਪਲੂਸੀ ਨੇ ਗੱਲ ਪੂਰੀ ਨਾ ਆਖੀ।
"ਜਾਂ ਇਹ ਕੀ?" ਅਰਥ ਸਭ ਤੁੰਦ ਸਮਝਦੀ ਹੋਈ ਵੀ ਭੋਲੀ ਦੀ ਭੋਲੀ ਬਣੀ ਰਹੀ।
"ਜਾਂ ਇਹ ਸਾਹਿਬ ਦੀ ਕੋਠੀ ਜਾਵੇ ਮਿਲ ਆਉ"। ਚਾਪਲੂਸੀ ਨੇ ਗੱਲ ਪੱਧਰੀ ਕਰ ਦਿੱਤੀ। (ਪੰਨਾ 112)

ਕਵਿਤ ਨਾਲ, ਇਸ ਦੇ ਗਹਿਰੇ ਦੇ ਪੁੱਤ ਸ਼ਰਾਬੀ ਤੋਂ ਸੀ ਕੇ ਸਰੂਪ ਦੇ ਮੁੱਖ ਅਭਿਪ੍ਰਾਇ ਤੱਕ ਆਉਣ ਕਰਕੇ ਤੇ ਜੋੜਦੇ ਹਨ। ਪਰ ਇਹ ਹਰ ਵਰਗ ਵਿਸ਼ਵਾਸ ਅਤੇ ਕਿਰਤਾ ਨਾਲ ਅੱਗੇ ਪੁੱਟਦੀ ਹੈ।

ਕਵਿਤ ਨੂੰ ਅਭਿਪ੍ਰਾਇਆਂ ਦੇ ਐਂਟੇਨਾ ਦੇ ਨਾਲ ਬਹੁਤ ਢੁੱਕਦੇ ਸਨ।
"ਕੁਦਰਤ ਦੇ ਹੱਕ ਰੋਕ।"
"ਦਿੱਲੀ ਸ਼ਹਿਰ ਗਰਾਰ ਰੋਕ।" ਜਾਂ ਇਹ
"ਸਾਡੇ ਹੱਕ - ਇਹ ਦੇਖ।" (ਪੰਨਾ 132-133)

ਇਹ ਸੁਭੰਧਤ ਨਾਲ ਸੈਨਤਿਕ ਟਾਇਮ ਪ੍ਰਤੀਨਿਧ ਦੇ ਸਿਖਰਾਂ ਵਿਚ ਇੱਕ ਲੇਖ ਲੱਗਾ ਪੈਂਦੀ ਹੈ। ਮਾਨਸਕੀ ਰੁੱਤ ਦੇ ਸਾਹਿਬ ਅਤੇ ਸਾਹਿਬਾਂ ਜਦ ਇਹ ਦੂਜੇ ਨੂੰ ਆਪਣੀਆਂ ਆਪ ਬੀਤੀਆਂ ਸੁਣਾ ਰਹੇ ਹਨ ਤਾਂ ਪ੍ਰਬਲ ਇਹ ਕਰਦੇ ਸੂਰਜ ਦੀ ਲਾਲੀ ਨਾਲ ਰੁਮਾਂਸ ਇਕ ਲੇਖ ਪਸਰ ਜਾਂਦੀ ਹੈ।

ਆਪਣੀ ਸ਼ੈਲੀ ਵਿਚ ਕਹਾਣੀ ਸਿੱਧ ਵਿੱਚੋਂ ਜਦ ਰੁਮਾਂਸ ਦਾ ਜ਼ਿਕਰ ਕਰਦਾ ਹੈ ਤਾਂ ਸ਼ਬਦਾਂ ਦੀ ਚੋਣ ਅਢੁੱਕ ਲੱਗਦਾ ਹੁੰਦਾ ਹੈ, ਇਹ ਇਸ ਦੀ ਪ੍ਰਾਪਤੀ ਹੈ। ਇਸਨੇ ਆਪਣਾ ਮੁੱਖ ਵਿਸ਼ਾ ਪ੍ਰਾਈਵੇਟ ਸਕੂਲਾਂ ਕਾਲਜਾਂ ਨੂੰ ਬਣਾਇਆ ਹੈ। ਕੀ ਸੈਨਤਿਕ ਸਕੂਲਾਂ, ਕਾਲਜਾਂ ਵਿਚ ਅਜਿਹਾ ਨਹੀਂ ਹੁੰਦਾ?

ਇਸ ਦੀ ਦਾਰ ਸ਼ਿਕਾਇਤ ਬਣੀ ਸਕਦ ਹੈ, ਜਿਨ ਨਾਇਕ ਅਤੇ ਵੱਡੇ ਕਹਾਣੀਆਂ ਵਿਚੋਂ ਆਉਣ ਤੋਂ ਬਾਅਦ ਕੇ ਪਰਤੱਖਤਾ ਇਸ ਦੇ ਨਾਇਕਾਂ ਦੀ ਸ਼ੈਲੀ ਅਤੇ ਰੁਮਾਂਟਕ - ਪੱਖਾਂ 'ਚ ਹੋਈ ਕਾਰੀਗਰੀ ਸੀ, ਇਹ ਨਹੀਂ ਹੈ। ਇਸ ਨੂੰ ਇਸ ਪਾਸੇ ਖ਼ਾਸ ਧਿਆਨ ਦੇਣ ਦੀ ਲੋੜ ਜਾਪਦੀ ਹੈ।

— ਅਮਰਜੀਤ ਚਾਹਲ

---

## ਸਾਹਿਤ ਸਮਾਚਾਰ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਪੰਦਰਵਾੜੀ ਇਕੱਤਰਤਾ 19 ਜਨਵਰੀ 1980 ਨੂੰ ਹੋਈ। ਇਹ ਇਕੱਤਰਤਾ ਕੁੱਝ ਕਾਰਨਾਂ ਕਾਰਨ ਇਕ ਦਿਨ ਪਹਿਲਾਂ ਬੁਲਾਉਣੀ ਪਈ।

ਅਜਮੇਰ ਰੋਡੇ ਨੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੱਲੋਂ ਛਪਣੀ ਜਾ ਰਹੀ ਕਿਤਾਬ 'ਕੈਨੇਡਾ ਦੀ ਪੰਜਾਬੀ ਕਵਿਤਾ' ਦਾ ਮੁੱਖ-ਬੰਧ ਪੜ੍ਹਿਆ। ਇਸ ਉਪਰ ਭਰਪੂਰ ਬਹਿਸ ਹੋਈ। ਬਹਿਸ ਵਿਚ ਮੁੱਖ ਤੌਰ ਤੇ ਕਰਨੈਲ ਸਿੰਘ ਅਤੇ ਹੋਰ ਹਾਜ਼ਰ ਮੈਂਬਰਾਂ ਨੇ ਹਿੱਸਾ ਲਿਆ।

ਹਰਿੰਦਰ ਅਟਵਾਲ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਖ਼ਾਸ ਤੌਰ ਤੇ ਬੁਲਾਇਆ ਗਿਆ ਸੀ। ਹਰਿੰਦਰ ਅਟਵਾਲ ਕੁੱਝ ਸਮਾਂ ਪਹਿਲਾਂ ਭਾਰਤ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮਿਲਣ ਗਏ ਸੀ। ਉਥੇ ਉਨ੍ਹਾਂ ਉਥੋਂ ਦੇ ਪ੍ਰਭਾਵ ਦਾ ਤਜ਼ਰਬਾ ਕੀਤਾ ਸੀ। ਉਨ੍ਹਾਂ ਆਪਣੇ ਉਤੇ ਇਸ ਤਜ਼ਰਬੇ ਦੇ ਅਸਰਾਂ ਅਤੇ ਉਥੇ (ਭਾਰਤ) ਦੇਸ਼ ਵਿਚ ਹੋ ਰਹੀਆਂ ਕੌਮਾਂਤਰੀ ਸਰਗਰਮੀਆਂ ਬਾਰੇ ਗੱਲ ਬਾਤ ਕੀਤੀ। ਹਰਿੰਦਰ ਅਟਵਾਲ IPANA ਦੇ ਚੇਅਰ ਮੈਨ ਹਨ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਣ ਫ਼ਰਵਰੀ ਦੀਆਂ ਅੱਗੇ ਹੋਣ ਵਾਲੀਆਂ ਇਕੱਤਰਤਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਸਥਾਨ: ਫਰੇਜ਼ਰਵਿਊ ਲੇਬਰ ਫੰਡ ਹਾਲ 6470 VICTORIA DR. VANCOUVER

ਇਕੱਤਰਤਾ: ਹਰ ਦੂਜੇ ਐਤਵਾਰ ਦੁਪਹਿਰ ਦੇ 12:00 ਵਜੇ ਹੁੰਦੀ ਹੈ।

ਅਗਲੀਆਂ ਇਕੱਤਰਤਾਵਾਂ 2 ਫਰਵਰੀ ਅਤੇ 16 ਫਰਵਰੀ ਨੂੰ ਹੋਣਗੀਆਂ। ਸਾਹਿਤ ਅਤੇ ਕਲਾ ਨਾਲ ਪ੍ਰੇਮ ਰੱਖਣ ਵਾਲੇ ਪ੍ਰੇਮੀਆਂ ਨੂੰ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ।

ਹੋਰ ਜਾਣਕਾਰੀ ਲਈ ਫੂਨ ਕਰੋ: ਸੁਖਵੰਤ ਹੁੰਦਲ: 876-8281

(ਅਮਰਜੀਤ ਚਾਹਲ ਪ੍ਰਧਾਨ)

# ਕਮਿਊਨਿਟੀ ਮਸਲੇ

— ਉੱਜਲ ਦੋਸਾਂਝ

ਮੱਧ ਵਰਗ ਦੇ ਬੁੱਧੀ-ਜੀਵੀ, ਜੋ ਕਿਸੇ ਵੀ ਕਮਿਊਨਿਟੀ 'ਚ ਉੱਨਤੀ ਦੇ ਰਾਹ ਤੇ ਚਲਦੇ ਖੇਤਰਾਂ ਵਿਚ ਆਪਣੀ ਅਗਵਾਈ ਦਿੰਦੇ ਹਨ ਅਤੇ ਦੇ ਸਕਣ ਦੇ ਕਾਬਲ ਹੁੰਦੇ ਹਨ, ਸਾਡੀ ਕਮਿਊਨਿਟੀ ਵਿਚ ਉਹ "ਮਧ-ਵਰਗੀ ਇੰਮੀਗਰੇਂਟ ਬਿਰਤੀ" (MENTALITY) ਦਾ ਸ਼ਿਕਾਰ ਹੋਏ ਲਗਦੇ ਹਨ।

ਦੂਰ-ਦੁਰੇਡੇ, ਆਲੇ ਦੁਆਲੇ ਨਜ਼ਰ ਮਾਰ ਕੇ ਵੇਖੀਏ ਤਾਂ ਸਾਬਤ ਹੁੰਦਾ ਹੈ ਕਿ ਆਮ ਸਮਾਜਿਕ-ਸਿਆਸੀ ਜਥੇਬੰਦੀਆਂ ਦੀ ਅਗਵਾਈ ਉਹਨਾਂ ਅੰਸ਼ਾਂ ਦੇ ਹੱਥ ਵਿਚ ਹੈ ਜਿਹੜੇ ਜੇਕਰ ਸਾਂ ਅਗਵਾਈ ਲਈ ਉਤਾਵਲੇ ਤਾਂ ਜ਼ਰੂਰ ਹਨ ਪਰ ਕਿਸੇ ਵੀ ਖੇਤਰ ਵਿਚ ਉਹ ਪ੍ਰਭਾਵਸ਼ਾਲੀ ਨਹੀਂ ਹੋ ਸਕੇ। ਕੁੱਝ ਕੁ ਸੰਸਥਾਵਾਂ ਹਨ ਜਿਹਨਾਂ ਦੀ ਅਗਵਾਈ ਜ਼ਰੂਰ ਮਧ-ਵਰਗੀ ਬੁੱਧੀ-ਜੀਵੀ ਅੰਸ਼ਾਂ ਦੇ ਹੱਥ ਵਿਚ ਹੈ, ਪਰ ਆਮ ਸੰਸਥਾਵਾਂ ਵਿਚ ਇਸ ਮਧ ਵਰਗੀ ਅੰਸ਼ ਦੀ ਘਾਟ ਹੈ। ਅਤੇ ਜਿੰਨਾ ਚਿਰ ਇਹ ਜਮਾਤ ਸਾਡੀ ਕਮਿਊਨਿਟੀ ਦੇ ਕੰਮਾਂ ਵਿਚ ਆਪਣਾ ਬਣਦਾ ਹਿੱਸਾ ਪਾਉਣਾ ਸ਼ੁਰੂ ਨਹੀਂ ਕਰ ਦਿੰਦੀ — ਅਸੀਂ ਅਗ ਵਧਣੋਂ ਰੁਕੇ ਹੀ ਰਹਾਂਗੇ ਅਤੇ ਇੱਥੋਂ ਦੇ ਸਮਾਜ ਨਾਲ ਸਾਡੀ ਸਭਿਆਚਾਰਕ, ਵਿਚਾਰਧਾਰਕ ਅਤੇ ਸਮਾਜਿਕ ਸਾਂਝ ਪੱਕੀ ਨਹੀਂ ਹੋਵੇਗੀ।

ਇਸ ਗੱਲ ਤੋਂ ਭਾਵ ਇਹ ਨਹੀਂ ਕਿ ਇਸ ਮੱਧ-ਵਰਗੀ ਬੁੱਧੀ-ਜੀਵੀ ਅੰਸ਼ ਤੋਂ ਇਲਾਵਾ ਹੋਰ ਕੋਈ ਅਗਵਾਈ ਕਰਨ ਦੇ ਕਾਬਲ ਨਹੀਂ। ਭਾਵ ਸਿਰਫ਼ ਇਹ ਹੈ ਕਿ ਇਹ ਅੰਸ਼ ਜਿੰਨਾ ਚਿਰ ਸਾਡੇ ਸਾਥੀਆਂ ਨਾਲ ਮੋਢਾ ਜੋੜ ਕੇ ਕਮਿਊਨਿਟੀ ਨੂੰ ਅੱਗੇ ਲੈ ਜਾਣ ਲਈ ਤਤਪਰ ਨਾ ਹੋਵੇ ਤਾਂ ਇਹ ਅੰਸ਼ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਿਹਾ।

ਜੇ ਤੁਸੀਂ ਉਹਨਾਂ ਮਧ ਵਰਗੀ ਵਿਅਕਤੀਆਂ ਨਾਲ ਜਿਹੜੇ ਕਮਿਊਨਿਟੀ ਲਈ ਚੰਗਾ ਕੰਮ ਕਰ ਸਕਦੇ ਹਨ ਪਰ ਕਰਦੇ ਨਹੀਂ, ਗੱਲ ਕਰੋ ਤਾਂ ਉਹ ਜਵਾਬ ਦਿੰਦੇ ਹਨ ਕਿ "ਸਾਡੀ ਕਮਿਊਨਿਟੀ ਚ, ਕੋਈ ਕਿਸੇ ਦੀ ਸੁਣਦਾ ਨਹੀਂ, ਅਕਲ ਦੀ ਗੱਲ ਨਹੀਂ ਕਰਦਾ ਇਸ ਕਰਕੇ ਸਾਡਾ ਕੁੱਝ ਕਰਨ ਨੂੰ ਜੀਅ ਨਹੀਂ ਕਰਦਾ।" ਅਤੇ ਇਹਨਾਂ ਹੀ ਮਧ ਵਰਗੀ ਵਿਅਕਤੀਆਂ ਚੋਂ ਕੁੱਝ ਇੱਕ ਨਸਲਪ੍ਰਸਤਾਂ ਨਾਲੋਂ ਵੀ "ਚਿੱਟਾ" ਸਲੂਕ ਸਾਡੇ ਲੋਕਾਂ ਨਾਲ ਕਰਦੇ ਹਨ। ਸਭ ਤੋਂ ਪਹਿਲਾਂ ਤਾਂ ਉਹ ਆਪਣੇ ਕਿਸੇ ਵੀ ਵਿਅਕਤੀ ਨਾਲ ਆਪਣੀ ਮਿਲਵਰਤਣ ਨਹੀਂ ਰੱਖਦੇ। ਦੂਸਰਾ ਉਹ ਆਪਣੇ ਇਲਾਕੇ ਤੋਂ ਬਾਹਰ ਆਪਣੇ ਭਾਰਤੀ ਲੋਕਾਂ ਤੋਂ ਦੂਰ ਜਾਕੇ ਰਹਿਣਾ ਸ਼ੁਰੂ ਕਰ ਦਿੰਦੇ ਹਨ। ਜਿਹੜੇ ਦੂਰ ਜਾਕੇ ਨਹੀਂ ਰਹਿ ਸਕਦੇ ਉਹ ਨੇੜੇ ਰਹਿੰਦੇ ਹੀ ਖੁਦ ਆਪਣੇ ਲੋਕਾਂ ਨੂੰ ਨਫ਼ਰਤ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ।

ਪਿਛਲੇ ਸਾਲ ਭਾਰਤ ਤੋਂ ਦਰਸ਼ਨ ਸਿੰਘ ਕੈਨੇਡੀਅਨ ਇਥੇ ਆਏ ਸਨ। ਕੈਨੇਡੀਅਨ ਜੀ ਨੇ ਆਪਣਾ ਸਾਰਾ ਜੀਵਨ ਆਪਣੀ ਸੋਚ ਅਤੇ ਇਤ ਮੁਤਾਬਕ ਲੋਕਾਂ ਦੇ ਲੇਖੇ ਲਾਇਆ ਹੈ — ਕੁਝ ਚਿਰ ਕੈਨੇਡਾ ਵਿਚ ਅਤੇ ਬਾਕੀ ਭਾਰਤ ਵਿਚ। ਮੇਰੇ ਨਾਲ ਗੱਲ ਕਰਦਿਆਂ ਇਕ ਵਾਰ ਉਹਨਾਂ ਨੇ ਬਹੁਤ ਹੀ ਦੁੱਖਦਾ ਅਤੇ ਦਰਦਨਾਕ ਸਵਾਲ ਕੀਤਾ। ਉਹਨਾਂ ਪੁੱਛਿਆ ਕਿ "ਜਦੋਂ ਮੈਂ ਕੈਨੇਡਾ ਸਾਂ ਅਸੀਂ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੁੰਦਿਆਂ ਹੋਇਆਂ ਵੀ ਆਪਣੀ ਧਾਂਕ ਯੂਨੀਅਨ ਲਹਿਰ ਚ, ਸਭ ਲਈ ਸੀ — ਸੂਬੇ ਦੇ ਪੱਧਰ ਤੇ। ਤੁਸੀਂ ਅੱਜ ਏਨੇ ਬਹੁਤੇ ਹੀ ਹੋ ਪਰ ਨਹੀਂ ਫਰੀਕ ਤੁਹਾਡੀ ਤਾਂ ਕਿਸੇ ਪਾਸੇ ਵੀ — ਕਮਿਊਨਿਟੀ ਦੇ ਤੌਰ ਤੇ ਪੁੱਛ ਨਹੀਂ ਜਾਪਦੀ — ਕਿਉਂ?" ਕੈਨੇਡੀਅਨ ਹੋਰਾਂ ਦਾ ਸਵਾਲ ਜਾਇਜ਼ ਸੀ। ਇਸ ਦਾ ਜਵਾਬ ਅਸੀਂ ਸਾਰੇ ਹੀ ਆਪਣੇ ਆਪਣੇ ਤਰੀਕੇ ਨਾਲ ਦੇ ਸਕਦੇ ਹਾਂ। ਪਰ ਉਹ ਬੁੱਧੀ ਜੀਵੀ ਜਿਹੜੇ ਸਾਡੇ ਕੰਮਾਂ ਵਿਚ ਸਾਡੇ ਆਮ ਮਜ਼ਦੂਰ ਭਰਾਵਾਂ ਵਾਂਗ ਰਲ ਕੇ ਅਤੇ ਆਪਣੀ ਕਿਸਮ ਦਾ ਹਿੱਸਾ ਪਾ ਸਕਦੇ ਹਨ ਉਹਨਾਂ ਦਾ ਜਵਾਬ ਕੀ ਹੋਵੇਗਾ? ਇਹ ਅੰਦਾਜ਼ਾ ਤਾਂ ਆਸਾਨੀ ਨਾਲ ਹੀ ਲਾਇਆ ਜਾ ਸਕੇਗਾ। ਆਮ ਲੋਕਾਂ ਬਾਰੇ ਘ੍ਰਿਣਾ ਭਰੇ ਰਵੱਈਏ ਤੋਂ ਸਿਵਾ ਉਹਨਾਂ ਪਾਸ ਹੋਰ ਕੋਈ ਜਵਾਬ ਨਹੀਂ ਹੋ ਸਕਦਾ।

ਪਰ ਆਮ ਲੋਕਾਂ ਨੂੰ ਵੀ ਕੈਨੇਡੀਅਨ ਹੋਰਾਂ ਦੇ ਸਵਾਲ ਦਾ ਜਵਾਬ ਲੱਭਣਾ ਚਾਹੀਦਾ ਹੈ। ਕਿਉਂਕਿ ਜੇ ਅਸੀਂ ਇਸ ਸਵਾਲ ਨੂੰ ਹੱਲ ਨਾ ਕਰ ਸਕੇ ਤਾਂ ਅਸੀਂ ਅੱਗੇ ਨਹੀਂ ਵੱਧ ਸਕਾਂਗੇ। ਕਿਸੇ ਕਮਿਊਨਿਟੀ ਦੀ ਅਸਲੀ ਤਰੱਕੀ ਦਾ ਅੰਦਾਜ਼ਾ ਉਸ ਦੀ ਅਮੀਰੀ, ਘਰਾਂ ਦੀ ਗਿਣਤੀ, ਤੇ ਕਾਰਾਂ ਦੇ ਮਾਡਲਾਂ ਤੋਂ ਨਹੀਂ ਲਾਇਆ ਜਾਂਦਾ। ਅਸਲੀ ਤਰੱਕੀ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ — ਸਾਡੇ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਸਿਆਸੀ ਯੋਗਦਾਨ ਨੂੰ ਧਿਆਨ ਗੋਚਰੇ ਰੱਖ ਕੇ। ਜੇ ਅਸੀਂ ਇਥੋਂ ਦੇ ਸਮਾਜ ਦੇ ਮਸਲਿਆਂ ਨੂੰ ਆਪਣਾ ਕੇ ਇਹਨਾਂ ਦੇ ਹੱਲ ਲੱਭਣ ਵਿਚ ਆਪਣਾ ਹਿੱਸਾ ਆਮ ਰੂਪ ਤੇ ਅਤੇ ਇੱਥੇ ਆਰਥਿਕ ਅਤੇ ਲੋਕਰਾਜੀ ਅਗਵਾਈ ਦੇ ਕੇ ਨਹੀਂ ਪਾਉਂਦੇ ਤਾਂ ਸਾਡੀ ਇਕ ਕਾਮਯਾਬ ਕਮਿਊਨਿਟੀ ਨਹੀਂ ਸਮਝਿਆ ਜਾ ਸਕਦਾ।

ਜੇ ਐਸਾ ਹੀ ਰਿਹਾ — ਅਤੇ ਅਸੀਂ ਵੱਖਰੇ ਵੱਖਰੇ ਖੇਤਰਾਂ ਵਿਚ ਆਪਣਾ ਯੋਗਦਾਨ ਨਾ ਪਾ ਸਕੇ ਤਾਂ ਇਸ ਨਾਕਾਮਯਾਬੀ ਦਾ ਸਿਹਰਾ ਕਿਸਦੇ ਸਿਰ ਹੋਵੇਗਾ? ਆਮ ਲੋਕਾਂ ਦੇ ਸਿਰ ਤਾਂ ਇਸ ਨਾਕਾਮਯਾਬੀ ਦੀ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ ਕਿਉਂਕਿ ਉਹ ਵੀ ਆਪਣੀਆਂ ਜ਼ਿੰਦਗੀਆਂ ਆਪਣੀ ਇਤ ਮੁਤਾਬਕ ਸਮਾਜ ਦੇ ਲੇਖੇ ਲਾਈ ਹੀ ਜਾਂਦੇ ਹਨ। ਸੋ ਇਸ ਨਾਕਾਮਯਾਬੀ ਦਾ ਸਿਹਰਾ ਮਧ-ਵਰਗੀ ਬੁੱਧੀ-ਜੀਵੀਆਂ ਦੇ ਸਿਰ ਹੀ ਸਜੇਗਾ — ਜੇ ਉਹ ਇਸੇ ਤਰ੍ਹਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਅਵੇਸਲੇ ਰਹੇ।

# ਚੋਣ ਰੀਪੋਰਟ:

- ਸਾਟ ਪ੍ਰਿੰਤ

1977 ਦੀਆਂ ਚੋਣਾਂ 'ਚ ਆਪਣਾ ਸਾਰਾ ਵੱਕਾਰ ਗੁਆ ਚੁੱਕਣ ਪਿੱਛੋਂ ਇੰਦਰਾ ਇਕ ਵਾਰੀ ਫਿਰ ਭਾਰਤੀ ਸਿਆਸਤ ਵਿਚ ਇਕ ਸਿਆਸੀ-ਦੇਵੀ ਦੇ ਰੂਪ ਵਿਚ ਸਿਰ ਕੱਢ ਚੁੱਕੀ ਹੈ। ਚੋਣ ਨਤੀਜੇ ਤੋਂ ਪਹਿਲੇ ਕਿਸੇ [illegible] ਦੌਰਾਨ ਦੇ ਲੋਕ ਇਹ ਸਮਝੀ ਬੈਠੇ ਸਨ ਕਿ ਕੇਂਦਰ-ਸਰਕਾਰ ਵਿਚ ਆਪਣੀ ਆਪਣੀ ਕਿਸਮ [illegible] ਵਾਲੀ ਇਸ ਤਰ੍ਹਾਂ ਦੀਆਂ ਖੇਤਰੀ ਪਾਰਟੀਆਂ ਵਿਚੋਂ ਕੋਈ ਵੀ ਪਾਰਟੀ ਪਾਰਲੀਮੈਂਟ ਵਿਚ ਬਹੁ ਮੱਤ ਨਹੀਂ ਪ੍ਰਾਪਤ ਕਰ ਸਕੇਗੀ। ਪਰ ਆਖ਼ਿਰ ਵੋਟਰ 'ਚ ਪਿਛੇ ਹੋਏ ਭਾਰਤ ਦੇ ਭੋਲੇ ਭਾਲੇ ਤੇ ਗਰੀਬ ਲੋਕਾਂ ਨੇ ਆਪਣੀ ਕਿਸਮਤ ਅਜ਼ਮਾਉਣ ਲਈ ਪਰਖੀ ਹੋਈ ਇੰਦਰਾ ਨੂੰ ਫਿਰ ਪਰਖਣ ਦਾ ਹੀਆ ਕੀਤਾ ਹੈ।

ਦੇਖਣ ਨੂੰ ਤਾਂ ਲਗਦਾ ਹੈ ਕਿ ਲੋਕਾਂ ਨੇ ਜਨਤਾ ਤੇ ਦਲ ਦੇ ਲੋਕ ਆਪਣੀ ਮਰਜ਼ੀ ਨਾਲ ਤੇਜ਼ੀ ਸਰਕਾਰ ਨੂੰ ਚੰਗਾਂ ਸਾਲਾਂ ਪਿੱਛੋਂ ਬਦਲ ਕੇ ਚੰਗੀ ਲੋਕ-ਹਿਤੂ ਸਰਕਾਰ ਚੁਣ ਸਕੇ ਹਨ। ਪਰ ਅਸਲੀਅਤ ਇਹ ਹੈ ਕਿ ਸਰਮਾਏਦਾਰ, ਜਗੀਰਦਾਰ ਅਤੇ ਅਜਾਰੇਦਾਰਾਂ ਦੀਆਂ ਪਾਰਟੀਆਂ ਵਿਚੋਂ ਲੋਕਾਂ ਕੋਲ ਆਉਣ ਤੇ ਸੁੱਕ ਰਹੇ ਪਾਣੀ ਵਾਲੇ ਖੂਹ ਤੋਂ ਨਿਕਲਕੇ ਬਹੁਤੇ ਪਾਣੀ ਵਾਲੇ ਖੂਹ ਵਿਚ ਡੋਲ ਪਾਉਣ ਅਤੇ ਇਨਕਲਾਬ-ਦਲ ਲੋਕਾਂ ਦਾ ਮੂਲ [illegible] ਕਰਨ ਲਈ [illegible] ਹਨ। ਇਸਦੇ ਨਾਲ ਤੇ ਭਾਰਤੀ ਸਿਆਸਤ ਦੇ ਬਹੁਤ ਹੱਥੇ ਨੇਤਾ ਬਹੁਗੁਣਾ ਨੇ ਪਿਛਲੇ ਤਿੰਨ ਸਾਲਾਂ ਤੋਂ ਘਟ ਘਟ ਵਿਚ ਕਾਂਗਰਸ ਛੱਡ ਕੇ ਸੀ. ਐਫ. ਡੀ. ਕਾਇਮ ਕੀਤੀ, ਫਿਰ ਜਨਤਾ ਪਾਰਟੀ ਨਾਲ ਰਲ ਗਿਆ, ਜਨਤਾ ਛੱਡ ਕੇ ਫਿਰ ਸੀ. ਐਫ. ਡੀ. ਪੈਦਾ ਕੀਤੀ। ਫਿਰ ਲੋਕ ਦਲ 'ਚ ਸ਼ਾਮਲ ਹੋਣ ਦੀਆਂ ਖ਼ਬਰਾਂ ਵਰਗਾ ਵਰਗਾ ਇੰਦਰਾ ਕਾਂਗਰਸ ਨਾਲ ਜਾ ਮਿਲਿਆ। ਭਾਰਤੀ ਲੋਕਾਂ ਦੀ ਹਰ ਕੌਮ ਇਹ ਮਜਬੂਰੀ ਰਹੀ ਹੈ ਕਿ ਇਹਨਾਂ ਦੀਆਂ ਹਰਮੁਨਾਸ ਜਮਾਤਾਂ ਦੇ ਪੈਸੇਵਾਰ ਨੇਤਾ ਲੋਕ ਸੇਵਾ ਦਾ ਭੇਖ ਧਾਰ ਕੇ ਰਾਜ ਦਾ ਸ਼ਾਹੀ ਪਹਿਰਾਵੇ ਸੁਰ ਸੁਰ ਲੋਕਾਂ ਸਾਹਮਣੇ ਆਉਂਦੇ ਰਹੇ ਹਨ।

ਇਸੇ ਦੀ ਇੰਦਰਾ ਦੀਆਂ ਹੋਰਨਾਂ ਸੁਰਖ਼ੀਆਂ ਦਾ ਸਾਹਮਣਾ ਕਰਦਾ ਹੋਇਆ ਸਭੀ ਭਾਰਤੀਤਕ ਸੂਝ ਰਖਣ ਵਾਲਾ ਹਰ ਮਨੁੱਖ ਇਹੀ ਸੋਚਦਾ ਹੈ ਕਿ ਕੀ ਉਹ ਵਿਸ਼ਵਾਸ ਦੇਣਾਂ ਪਾਉਣ ਲਈ ਹੀ ਚੰਗਾ ਹੋਇਆ ਹੈ? ਪੰਜਾਬ ਦੇ ਹਰ ਸ਼ਹਿਰ ਦੀਆਂ ਬਹੁਤ ਮੰਗੀਆਂ ਕੰਧਾਂ ਤੇ ਬਹੁਤ ਕੁੱਝ ਲਿਖਿਆ ਹੋਇਆ ਦਿਸਦਾ ਹੈ ਜਿਵੇਂ: 'ਲੋਕ ਇਹਨਾਂ ਦੇ ਪਾਰੇ ਪਰਲੇ, ਸਰਵ ਠੱਗ ਗੱਦੀਆਂ ਨਹੀਂ ਲੜਨੇ',

ਅਤੇ: 'ਲੋਕੋ ਵੋਟਾਂ ਚੋਣ ਤੇ ਬਾਈਕਾਟ ਕਰੋ।' ਇੰਨਾ ਕੁੱਝ ਅਧਿਸੂਚਨ ਕਰਵਿਆ ਹੋਇਆ ਵੀ ਦੇਸ਼ ਦੇ 55 % ਦੇ ਕਰੀਬ ਵੋਟਰਾਂ ਨੇ ਵੋਟਾਂ 'ਚ ਹਿੱਸਾ ਲਿਆ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਲੋਕ ਇਹ ਜਾਣ ਸਕਦੇ ਹਨ ਕਿ ਬਹੁਤੀ ਜਿੰਦਗੀ 'ਚ ਇਸੇ ਲੋਕ ਕਿਸ ਕਿਸਮ ਦੀ ਜ਼ਿੰਦਗੀ ਜੀ ਰਹੇ ਹਨ ਉਹ ਕੀਹ ਦੇ ਰੋਗ ਨਹੀਂ? ਇਹਨਾਂ ਵੋਟਾਂ 'ਚ ਹੋਈ ਇੰਦਰਾ ਦੀ ਜਿੱਤ ਤੋਂ ਪਿੱਛੋਂ ਪ੍ਰਗ ਇਕ ਰਫ਼ਤਾ ਇਸੇ ਖ਼ੁਸ਼ੀ 'ਚ ਅਤੇ ਸ਼ਹਿਰਾਂ ਵਿਚ ਅਨੇਕਾਂ ਟਿਊਬ ਲਾਈਟਾਂ ਅਤੇ ਦੀਪ ਮਾਲਾ ਕਰਨ ਲਈ ਲਗਾਏ ਗਏ [illegible] ਦੇ ਲੋਕ ਲੁਗਾਏ 'ਚ ਡੋਲ ਲੋਕ ਅੱਧੀ ਅੱਧੀ ਰਾਤ ਤੱਕ ਦਾਰੂ ਪੀ ਕੇ ਭੰਗੜੇ ਪਾਉਂਦੇ ਰਹੇ ਸਨ। ਦੇਖਣਾ ਇਹ ਹੈ ਕਿ ਲੋਕਾਂ ਨੇ ਇਸ ਆਸ ਨੂੰ ਮੁੱਖ ਰੱਖਕੇ ਇੰਦਰਾ ਨੂੰ ਭਾਰੀ ਜਿੱਤ 'ਚ ਵੋਟਾਂ ਦੇ ਕੇ ਜਿਤਾਇਆ ਹੈ, ਕੀ ਉਹਨਾਂ ਦਾ ਇਹ ਸੁਪਨਾ ਆਉਂਦੇ ਪੰਜਾਂ ਸਾਲਾਂ ਵਿਚ ਪੂਰਾ ਹੋ ਸਕਦਾ ਹੈ? ਜੇ ਨਹੀਂ ਤਾਂ ਕੀ ਭਾਰਤ ਇਹਨਾਂ ਵੋਟਾਂ 'ਚ ਆਮ ਵੋਟਰ ਦੀ ਸੀ ਉਸ ਨੂੰ ਮੁੱਖ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਜੇ ਸਾਰੀਆਂ ਖੱਬੀਆਂ ਲੋਕ ਪੱਖੀ ਪਾਰਟੀਆਂ ਇਕ ਰੂਪੀ ਤੇ ਇੱਕਠੇ ਮੋਰਚੇ ਦੀ ਬਜਾਏ ਪੂਰੀ ਜਮਾਤ ਨਾਲ ਇਕ ਮੁੱਠ ਹੋਕੇ ਇਕ 'ਇਸਾਂ ਕੀਲ ਸਮਾਜ' ਬਣਾਉਣ ਲਈ ਲੋਕਾਂ ਨੂੰ ਪ੍ਰੇਰਨ ਤਾਂ ਯਕੀਨਨ ਲੋਕ ਉਹਨਾਂ ਦੇ ਨਾਲ ਹੋਣਗੇ।

---

- ਸਫ਼ਾ 19 ਦੀ ਬਾਕੀ

ਨਵੀਂ ਸਾਲਾਂ ਬਾਅਦ ਮੈਂ ਉਹਨਾਂ ਪੁਰਾਣੇ ਰਾਹਾਂ ਵਿਚੀਂ ਜਾ ਰਿਹਾ ਸੀ ਕਿ ਅਚਾਨਕ ਅਵਾਜ਼ ਆਉਣ ਲੱਗ ਪਈ, ਮਾਸਟਰ ਜੀ, ਮਾਸਟਰ ਜੀ, ਅਟਕਿਓ। ਮੈਂ ਅਵਾਜ਼ ਸੁਣਕੇ ਸਾਈਕਲ ਰੋਕ ਲਿਆ। ਇਕ ਮੁੰਡਾ ਛੂਟ [illegible] ਤੇਜ਼ ਦਾ ਗਭਰੂ ਮੇਰੇ ਤੇ ਭਾਂਜੀ ਰੱਖੀ ਮੇਰੇ ਸਾਹਮਣੇ ਆ ਗਿਆ।

"ਮੈਨੂੰ ਪਛਾਣਿਆ ਹੈ ਜੀ?" ਉਹ ਬੜੇ ਸਲੀਕੇ ਨਾਲ ਬੋਲਿਆ।

"ਨਹੀਂ ਨਹੀਂ।" ਮੈਂ ਧਿਆਨ ਤੇ ਸਾਰਾ ਜ਼ੋਰ ਪਾਕੇ ਵੀ ਉਹਨੂੰ ਪਹਿਚਾਣ ਨਾ ਸਕਿਆ।

"ਮੈਂ ਭੂਰਾਂ ਹਾਂ ਜੀ।" ਉਹ ਮੁਸਕਰਾਇਆ।

"ਓ ਤੇਰੇ, ਤੂੰ ਐਡਾ ਵੱਡਾ ਹੋ ਗਿਆ ਹੈਂ?" ਮੈਂ ਉਹਨੂੰ ਥਾਪੀ ਦੇ, ਉਹਦਾ ਰੰਗ ਰਾਹ ਦੇਖ, ਗੱਲ ਦੁਰਲਾ ਜਿਹਨੂੰ ਪੂਰੇ ਗਰਾਮ ਲੱਗੇ ਹੋਏ ਸਨ, ਸਿਰ ਤੇ ਪੱਗੜੀ ਪੱਗ, ਤੇੜ ਚੱਟਿਆਂ ਵਾਲੀ ਚਾਦਰ ਤੇ ਪੈਰੀਂ ਕਾਲੇ ਰੰਗ ਦੀ ਜੁੱਤੀ ਦੇਖ ਕੇ ਹੈਰਾਨ ਹੁੰਦਾ ਗਿਆ।

"ਹੁਣ ਇਹ ਬੱਕਰੀਆਂ ਚਾਰਦਾ ਹੈਂ?" ਮੈਂ ਉਹਨੂੰ ਨਾਲ ਚੁਗਦੀਆਂ ਬੱਕਰੀਆਂ ਵੱਲ ਦੇਖ ਕੇ ਪੁੱਛਿਆ।

"ਹਾਂ ਜੀ, ਤੁਹਾਡੇ ਤੋਂ ਪਿੱਛੋਂ ਧੀਰ ਮਾਸਟਰ ਨੇ ਮੈਨੂੰ ਕੁੱਟ ਕੇ ਸਕੂਲੋਂ ਕੱਢ ਦਿੱਤਾ ਸੀ ਤੇ ਮੈਂ ਮੁੜਕੇ ਸਕੂਲ ਨਹੀਂ ਵੜਿਆ। ਹੁਣ ਮੇਰੇ ਕੋਲ ਚਾਲੀ ਬਕਰੀਆਂ ਹਨ। ਆਓ ਜੀ, ਬੱਕਰੀ ਦਾ ਦੁੱਧ ਪੀ ਕੇ ਜਾਇਓ।" ਉਹਨੇ ਏਨੀ ਗੱਲ ਆਖਕੇ ਮੇਰਾ ਨਾਂਹ ਨਾਂਹ ਕਰਦੇ ਦਾ ਸਾਈਕਲ ਰਾਹ ਤੋਂ ਇਕ ਪਾਸੇ ਕਰ ਦਿੱਤਾ। ਆਪ ਉਹ ਡੋਲ੍ਹਾ ਫੜ ਕੇ ਬੱਕਰੀ ਚੋਣ ਲੱਗ ਗਿਆ। ਮੈਂ ਉਹਨੂੰ ਇਹ ਆਖਕੇ ਕਿ ਬੱਕਰੀ ਦਾ ਦੁੱਧ ਮੈਨੂੰ ਸੁਆਦ ਨਹੀਂ ਲਗਦਾ, ਉਹਦਾ ਦਿਲ ਵੀ ਨਹੀਂ ਸੀ ਤੋੜਨਾ ਚਾਹੁੰਦਾ। ਉਹ ਮੇਰੇ ਤੋਂ ਕੁੱਝ ਇੱਥੇ ਤੇ ਘਮਾ-ਘੰਮ ਬੱਕਰੀ ਚੋਈ ਜਾ ਰਿਹਾ ਸੀ।

— · — · — · —

Your Neighbourhood Agent

# GIFFIN INSURANCE AGENCIES LTD.

# 28th & FRASER

#205-4381 FRASER
PHONE

SPECIALIST
GENERAL INSURANCE
HOME OWNER - BUSINESS

*AUTO INSURANCE & LICENCE
* FIRE, THEFT & LIABILITY
* NO DEDUCTIBLE GLASS COVERAGE
*

Autoplan
Authorised agent

24 hrs. service

call 522-3907 (Pager 307)

Leave your phone No.

Res 584-1596 Office: 874-4241

12961 92A Ave - Surrey

ਤੇਜਾ ਸਿੰਘ ਧਾਲੀਵਾਲ



T S. DHALIWAL
OFFICE: 874-4241
RES: 584-1596

# VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ
6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ
ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਮਾਨ ਘੱਟ
ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ।
ਖੁਦ ਆਓ ਤੇ ਅਜ਼ਮਾ ਕੇ ਦੇਖੋ।

TEL: 324-3177

KENNY K. H. NG B.Sc. (PHARM.)
R.P.E.B.C.

PAUL C. Y. FU B.Sc. (PHARM.)
R.P.E.B.C.

6407 MAIN ST.
VANCOUVER, B.C. V5W 2V5

YOUR LOCAL REALTOR
BUYING, SELLING OR TRADING
YOUR PROPERTY — ALWAYS
REMEMBER YOUR LOCAL
REALTOR!

Gurpiar Romana

Bus.: 859-7636
Res.: 853-8783



ਹਰ ਤਰ੍ਹਾਂ ਦੀ ਜਾਇਦਾਦ
ਖਰੀਦਣ ਜਾਂ ਬਦਲ ਵੇਚਣ
ਲਈ
ਗੁਰਪਿਆਰ ਰੋਮਾਣਾ
ਨੂੰ ਸੇਵਾ ਦਾ ਮੌਕਾ ਦਿਓ।

wall & redekop realty

105/33119 South Fraserway, Abbotsford V2S 2B1

"ONE-STOP" GROCERY CENTRE

# MAIN FOOD CENTRE

6681 Main St. [at 51st. Ave.]

PHONE: 324-4185

## FIGURE ON SAVINGS

WHEN YOU FOOD SHOP HERE

master charge VISA

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF RECORDS & 8-TRACKS**

**SPECIAL OFFER:**

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH QUALITY GROCERY ITEMS**

**6681 MAIN STREET, VANCOUVER**

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ
WATNO DUR
P.O. BOX 67681 STN. "O"
VANCOUVER, B.C. V5W 3V2
Second class mail Reg. No. 3233


# FRONTIER CLOTH HOUSE LTD.
## 6695 MAIN STREET VANCOUVER, B.C.

## THE KING OF SAREE

Tel.: 325-4424

**FRONTIER**

**THE HOUSE OF FASHION FABRICS**

*Frontier — the Fair Deal Store*







Tel.: 325-3515

**FRONTIER**

**THE HOUSE OF BEAUTIFUL SAREES**

*Frontier — the First In Fashion*

## THINK OF US AS BIGGEST SAREE STORE IN CANADA


WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

WATNO DUR
P.O. BOX 67681 STN. "O"
VANCOUVER, B.C.
V5W 3V2